੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸ਼ਤਾਬਦੀ ਨਿਊਜ਼

SHATABDI NEWS

VOL. 8 October 1971

ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ
੧੬੮੧, ਚਿੱਤਰ ਗੁਪਤਾ ਰੋਡ, ਪਹਾੜ ਗੰਜ, ਨਵੀਂ ਦਿੱਲੀ — ੫੫

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰਚੇਲਾ

ਜਨਮ ਅਸਥਾਨ — ਪਟਨਾ ਸਾਹਿਬ (ਬਿਹਾਰ)
ਜਨਮ — ਪੋਹ ਸੁਦੀ ਸਤਵੀਂ ਸੰਮਤ ੧੭੨੩ ਸੰਨ ੨੨ ਨਵੰਬਰ ੧੬੬੬
ਪਿਤਾ — ਸ੍ਰੀ ਗੁਰੂ ਤੇਗ ਬਹਾਦਰ ਜੀ
ਮਾਤਾ — ਮਾਤਾਗੁਜਰੀ ਜੀ
ਮਹਿਲ — ਮਾਤਾ ਜੀਤੋ ਜੀ ਸੁੰਦਰੀ ਜੀ ਸਾਹਿਬ ਦੇਵਾਂ ਜੀ
ਸਾਹਿਬਜਾਦੇ — ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਹਿ ਸਿੰਘ ਜੀ
ਗੁਰਗੱਦੀ — ਮਘਰ ਸੰਮਤ ੧੭੩੨ ਸੰਨ ੧੬੭੫
ਹਵਨ ਯੱਗ ਅਰੰਭਿਆ — ਚੇਤਰ ਵਦੀ ਨੌਵੀ ਸੰਮਤ ੧੭੫੪
ਸਿੱਖ ਪੰਥ ਦੀ ਰਚਨਾ — ੧ ਵੈਸਾਖ ੧੭੫੬ ੩੦ ਮਾਰਚ
ਨੀਲੇ ਬਸਤਰ ਪਾੜੇ — ਸੰਮਤ ੧੭੬੨ ਸੰਨ ੧੭੦੫
ਸ਼ਹੀਦੀ ਸਾਹਿਬਜਾਦੇ, ਅਜੀਤ ਸਿੰਘ, ਜੁਝਾਰ ਸਿੰਘ — ੮ ੫੦
੭
ਸ਼ਹੀਦੀ ਜੋਰਾਵਰ ਸਿੰਘ, ਫਤਹਿ ਸਿੰਘ — ੧੩ ਪੋਹ ਸੰਮਤ ੧੭.
ਨਦੇੜ ਸਾਹਿਬ ਵਿਚ, ਨਰਨਾਟਕ — ੮ ਕੱਤਕ ਸੰਮਤ ੧੭੬੫, ੭ ਅਕਤੂਬਰ ੧.
ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਿਆਈ — ਵੈਸਾਖ ਸੁਦੀ ੧੦ਵੀਂ ਸੰਮਤ ੧੮੬੯
ਸੰਨ ੧੮੧੨
ਜੋਤੀ ਜੋਤ ਸਮਾਇ — ਜੇਠ ਸੁਦੀ ਪੰਜਵੀਂ ੧੮੬੯, ਸੰਨ ੧੮੧੨

... ...

ਨੀਲਾ ਪਾੜਨ ਦੀ ਪੁਸ਼ਟੀ ਵਾਸਤੇ ਇਤਿਹਾਸਕ ਜਾਣਕਾਰੀ :

ਜੁਲਤ ਅੰਗੀਠਾ ਅਗਨ ਅਗਾਰੀ, ਨੀਲਾਂਬਰ ਲੇ ਹਾਥ ਮਝਾਰੀ।
ਲੀਰ ਪਾੜ ਕਰ ਜਿਸ ਤੇ ਸਤਿਗੁਰ, ਸ੍ਰੀ ਮੁਖ ਤੇ ਤੁਕ ਏਵ ਉਚਾਰੀ।

... ...

ਨੀਲ ਬਸਤਰ ਲੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਇਆ।
ਪਠ ਕਰ ਤਤ ਛਿਨ ਲੀਰ ਜੋ ਕਰ ਮਹਿ, ਅਗਨ ਬਿਖੈ ਪਟ ਡਾਰ ਦਇਆ।
ਪੁਨਹ ਪਾੜ ਕਰ ਤਿਮਹੀ ਪਠਕਰ, ਪਾਵਕ ਪਾਵਤ ਛਾਰ ਕਇਆ।
ਚੀਰਤ ਚੀਰ ਕਰਤ ਲਘੁ ਲਘੁ ਕੋ, ਅਚਰਜ ਸਭ ਕੇ ਰਿਦੇ ਭਇਆ।

ਗੁਰ ਪ੍ਰਤਾਪ ਸੂਰਜ ਐਨ ੧ ਅੱਸੂ ੫

ਨੀਲੇ ਪਾੜ ਚਿੱਟੇ ਬਸਤਰ ਪਹਿਨ, ਗੁਰ ਜੀ ਗੁਰੂ ਗ੍ਰੰਥ ਦੀ ਤੁਕ ਉਲਟਾਈ ਉਥੇ।

ਸ: ਕਰਤਾਰ ਸਿੰਘ, ਕਲਾਸ ਵਾਲੀਆ
ਹੈੱਡ ਗ੍ਰੰਥੀ ਹਰਿਮੰਦਰ ਸਾਹਿਬ,
ਅੰਮ੍ਰਿਤਸਰ।

ਸ੍ਰੀ ਗੁਰ ਗੋਬਿੰਦ ਸਿੰਘ ਜੀ ਮਹਾਰਾਜ ਪਾ: ੧੦ਵੀਂ

Sri Satguru Jagjit Singh Ji Elibrary NamdhariElibrary@gmail.com

ਸ਼ਤਾਬਦੀ ਨਿਊਜ਼
SHATABDI NEWS

ਤੂਬਰ ੧੯੭੧ ਕੱਤਕ ੨੦੨੮

੨ — ਤ੍ਰੈਹ ... ਨੀਏਂ... — ਹਰਵਿੰਦਰ ਸਿੰਘ ਹੰਸਪਾਲ
੩ — ਸੌ-ਸਾ... — ਸੰਤੋਖ ਸਿੰਘ ਸਾਜਨ
੫ — ਕ੍ਰਾਂਤੀ... ਰਾਮ ਸਿੰਘ ਜੀ — ਗਿ: ਚਰਨਜੀਤ ਸਿੰਘ ਜੀ 'ਦੁਖੀ'
੭ — ...ਹਾਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਥਾਨ — ਗਿਆਨੀ ਤ੍ਰਿਲੋਕ ਸਿੰਘ ਜੀ
੧੪ — ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਸਤ੍ਰੀ ਜ਼ਾਤੀ ਨੂੰ ਦੇਣ — ਬੀਬੀ ਕੁਲਦੀਪ ਕੌਰ
੧੯ — ਵਿਆਹ ਅਤੇ ਦਾਜ ਦਹੇਜ — ਸ੍ਰੀ ਗੁਰਭਜਨ ਸਿੰਘ ਨਾਮਧਾਰੀ
੨੩ — ਮੈਂ ਇਸੇ ਦੇਹ ਵਿਚ ਆਵਾਂਗਾ — ਜੋਗਾ ਸਿੰਘ ਨਾਮਧਾਰੀ
25 — ਜਬ ਰੂਸ ਪੰਜਾਬੇ ਆਵੇ (ਹਿੰਦੀ) — ਮਹਾਰਾਜ ਬੀਰ ਸਿੰਘ ਜੀ
27 — स्वतंत्रता संग्राम के अग्रणी—कूके (नामधारी) — डा० एस० एस० अहलूवालिया
29 — A Guru — The Guru — Master Nihal Singh

ਕੀਮਤ : ਇਕ ਰੁਪਿਆ

ਵਾਰਸ਼ਕ ਚੰਦਾ : ਦੇਸ : ੧੨ ਰੁਪਏ
" " : ਪ੍ਰਦੇਸ : ੨੫ ਰੁਪਏ (ਸਮੁੰਦਰੀ ਡਾਕ)
" " : " : ੫੦ ਰੁਪਏ (ਹਵਾਈ ਡਾਕ)

ਹਰਵਿੰਦਰ ਸਿੰਘ ਹੰਸਪਾਲ, ਜਨਰਲ ਸਕੱਤਰ, ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਨੇ ਨਵਯੁਗ ਪ੍ਰੈਸ, ਚਾਂਦਨੀ ਚੌਕ ਦਿੱਲੀ ਤੋਂ ਛਪਵਾ ਕੇ ੧੯੮੧, ਚਿੱਤਰ ਗੁਪਤਾ ਰੋਡ, ਪਹਾੜ ਗੰਜ, ਨਵੀਂ ਦਿੱਲੀ-੫੫, ਤੋਂ ਪ੍ਰਕਾਸ਼ਤ ਕੀਤਾ। ਫ਼ੋਨ — 275326

Sri Satguru Jagjit Singh Ji Elibrary NamdhariElibrary@gmail.com

ਉਹ ਭੁਲੇ ਨਾ ਜਾਣੀਏਂ......

ਪੰਜਾਬ ਵਿਚ ਗਵਰਨਰੀ ਰਾਜ ਹੋਣ ਸਮੇਂ ਸ: ਪ੍ਰਕਾਸ਼ ਸਿੰਘ ਬਾਦਲ ਦੇ ਕੀਤੇ ਫ਼ੈਸਲਿਆਂ ਨੂੰ ਪੰਜਾਬ ਦੇ ਰਾਜਪਾਲ ਸ੍ਰੀ ਪਾਵਟੇ ਜੀ ਵਲੋਂ ਸਰਕਾਰੀ ਨੀਤੀ ਅਨੁਸਾਰ ਉਹਨਾਂ ਨੂੰ ਅਮਲ ਵਿਚ ਲਿਆਉਣ ਤੇ ਰੋਕ ਲਾ ਦਿਤੀ ਗਈ ਸੀ। ਰਾਜਪਾਲ ਜੀ ਦੇ ਸਲਾਹਕਾਰ ਕਰਮਚਾਰੀਆਂ ਦੇ ਇਉਂ ਕਰਨ ਤੇ, ਨਾਮਧਾਰੀਆਂ ਨਾਲ ਅਨਿਆਂ ਹੋ ਗਿਆ ਸੀ, ਜਿਸ ਤੋਂ ਸ੍ਰੀ ਪਾਂਵਟੇ ਜੀ ਬੇਖ਼ਬਰ ਸਨ।

ਸਭ ਤੋਂ ਪਹਿਲੇ ਅੰਮ੍ਰਿਤਸਰ ਵਿਖੇ ਰਾਮਬਾਗ਼ ਦੀ ਬੋਹੜ ਨਾਲ ਫਾਂਸੀ ਚੜ੍ਹਨ ਵਾਲੇ ਜੰਗੇ ਆਜ਼ਾਦੀ ਦੇ ਹੀਰੋ ਨਾਮਧਾਰੀ ਸ਼ਹੀਦਾਂ ਦੇ ਸ਼ਹੀਦ ਹੋਣ ਵਾਲੀ ਥਾਂ ਦਾ, ਨਾਮਧਾਰੀ ਦਰਬਾਰ ਨੂੰ ਸਪੁਰਦ ਕਰਨ ਦਾ ਫ਼ੈਸਲਾ ਵੀ ਇਸੇ ਹੀ ਲਾਅ ਵਿਚ ਸ਼ਾਮਲ ਹੋ ਗਿਆ।

ਇਹ ਕੇਸ ਕਾਫ਼ੀ ਅਰਸੇ ਤੋਂ ਇਉਂ ਹੀ ਚਲਿਆ ਆ ਰਿਹਾ ਹੈ, ਇਹ ਸ਼ਹੀਦ ਭਾਵੇਂ ਦੇਸ ਆਜ਼ਾਦੀ ਲਈ ਸ਼ਹੀਦ ਹੋਏ ਸਨ ਜੋ ਸਾਰੇ ਵਤਨ ਲਈ ਸਾਂਝੀ ਹੁੰਦੀ ਹੈ, ਪਰ ਇਹ ਨਾਮਧਾਰੀ ਹੋਣ ਦੇ ਨਾਤੇ ਇਹਨਾਂ ਦਾ ਵਾਰਸ ਨਾਮਧਾਰੀ ਪੰਥ ਹੀ ਕਿਹਾ ਜਾਂਦਾ ਹੈ। ਜਿਵੇਂ ਸ: ਊਧਮ ਸਿੰਘ ਨੂੰ ਕਮੋ ਵੀਰ ਜ਼ਿਆਦਾਂ ਸਨਮਾਨਦੇ ਹਨ। ਪਰ ਸ਼ਹੀਦ ਹੁੰਦੇ ਸਾਰੇ ਵਤਨ ਤੇ ਕੌਮ ਦੇ ਸਾਂਝੇ ਹਨ। ਇਸੇ ਤਰ੍ਹਾਂ ਨਾਮਧਾਰੀ ਦਰਬਾਰ ਵਲੋਂ ਕਈ ਵਾਰ ਪੰਜਾਬ ਸਰਕਾਰ ਨੂੰ ਬੇਨਤੀਆਂ ਕੀਤੀਆਂ ਗਈਆਂ, ਪਰ ਸੁਣਾਈ ਕੋਈ ਨਾ ਹੋਈ, ਕਿਉਂਕਿ ਪੰਜਾਬ ਸਰਕਾਰ ਦੀ ਮਸ਼ੀਨਰੀ ਵਿਚ ਕਈ ਅਜਿਹੇ ਲੋਕ ਹਨ ਜੋ ਨਾਮਧਾਰੀਆਂ ਨਾਲ ਅੰਦਰੂਨੀ ਸਾੜਾ ਰਖਦੇ ਹਨ ਅਜਿਹੇ ਆਦਮੀਆਂ ਨੇ ਹਰ ਵਾਰ ਨਾਮਧਾਰੀਆਂ ਦੀਆਂ ਬੇਨਤੀਆਂ ਨੂੰ ਨਾ ਪਰਵਾਨ ਹੋਣ ਦਿਤਾ, ਪਰ ਸ: ਲਛ... ਸਿੰਘ ਗਿੱਲ ਨੇ ਡੀ. ਸੀ. ਅੰਮ੍ਰਿਤਸਰ ਤੇ ਵੀ. ਜੇ. ਹਸਪਤਾਲ ਦੇ ਡਾ: ਮਾਨ ਸਿੰਘ ਨਿਰੰਕਾਰੀ ਦੀ ਕਈ ਨਾ ਸਣਦਿਆਂ ਹੋਇਆਂ ਥਾਂ ਨਾਮਧਾਰੀ ਦਰਬਾਰ ਨੂੰ ਦੇਣ ਦਾ ਫ਼ੈਸਲਾ ਕਰ ਲਿਆ, ਪਰ ਗਿੱਲ ਸਰਕਾਰ ਦੇ ਬਦਲ ਜਾਣ ਕਰਕੇ ਇਹ ਕੰਮ ਵੀ ਖਟੇ ਪੈ ਗਿਆ।

ਉਸ ਤੋਂ ਪਿਛੋਂ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਦੇ ਪਹਿਲੇ ਪੁਰਵ ਆਨੰਦਪੁਰ ਹੋਲੇ ਮਹੱਲੇ ਸਮੇਂ ਸ: ਪ੍ਰਕਾਸ਼ ਸਿੰਘ ਜੀ ਬਾਦਲ ਨੇ ਇਹ ਥਾਂ ਨਾਮਧਾਰੀਆਂ ਨੂੰ ਦੇਣ ਦਾ ਫ਼ੈਸਲਾ ਕੀਤਾ।

ਜਗ੍ਹਾ ਨਾਮਧਾਰੀ ਦਰਬਾਰ ਦੇ ਸਪੁਰਦ ਹੋਣ ਹੀ ਵਾਲੀ ਸੀ ਕਿ ਬਾਦਲ ਸਰਕਾਰ ਬਦਲ ਗਈ। ਅਤੇ ਗਵਰਨਰੀ ਰਾਜ ਹੋ ਗਿਆ। ਪੰਜਾਬ ਦੇ ਗਵਰਨਰ ਸ੍ਰੀ ਪਾਂਵਟੇ ਨੇ ਜਿਥੇ ਬਾਕੀ ਫ਼ੈਸਲੇ ਰਦ ਕੀਤੇ ਉਥੇ ਇਸ ਕੇਸ ਨੂੰ ਵੀ ਉਸੇ ਤਰ੍ਹਾਂ ਹੀ ਰਦ ਕਰ ਦਿਤਾ। ਇਸ ਖ਼ਬਰ ਨੂੰ ਸੁਣ ਕੇ ਨਾਮਧਾਰੀ ਪੰਥ ਤੇ ਹੋਰ ਸ਼੍ਰੇਣੀਆਂ ਦੇ ਆਗੂ ਅਤੇ ਪੰਜਾਬ ਦੇ ਸੂਝਵਾਨ ਵਿਅਕਤੀਆਂ ਅੰਦਰ ਭਾਰੀ ਰੋਸ ਭਰ ਗਿਆ। ੧੫ ਸਤੰਬਰ ਨੂੰ ਅਮ੍ਰਿਤਸਰ ਵਿਖੇ ਸ਼ਹੀਦਾਂ ਦਾ ਸੌ-ਸਾਲਾ ਪੁਰਵ ਮਨਾਂਦਿਆਂ ਨਾਮਧਾਰੀ ਦੀਵਾਨ ਵਿਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕਰਨ ਵਾਲਿਆਂ ਨੇ ਗਵਰਨਰ ਸਾਹਿਬ ਦੇ ਇਸ ਫ਼ੈਸਲੇ ਤੇ ਭਾਰੀ ਰੋਸ ਪ੍ਰਗਟ ਕੀਤਾ।

ਜੋ ਕੁਝ ਵੀ ਇਸ ਤੋਂ ਪਹਿਲਾਂ ਹੋਇਆ ਹੈ ਅਸੀਂ ਉਸ ਨੂੰ ਅਹਿਮੀਅਤ ਨਹੀਂ ਦਿੰਦੇ। ਪਰ ਹਮਦਰਦੀ ਦੇਣ ਵਾਲਿਆਂ ਸਜਨਾਂ ਦਾ ਧਨਵਾਦ ਜ਼ਰੂਰੀ ਕਰਦੇ ਹਾਂ ਜਿੰਨਾਂ ਸਾਥ ਦੇਣ ਲਈ ਵਾਇਦੇ ਕੀਤੇ।

੧੯ ਸਤੰਬਰ ਨੂੰ ਚੰਡੀਗੜ੍ਹ ਵਿਖੇ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਦੇ ਪ੍ਰਧਾਨ, ਸੇਠ ਤਰਲੋਕ ਸਿੰਘ ਜੀ ਚਾਵਲਾ ਪੰਜਾਬ ਦੇ ਰਾਜਪਾਲ ਸ੍ਰੀ ਪਾਂਵਟੇ ਸਾਹਿਬ ਨੂੰ ਮਿਲੇ। ਇਹਨਾਂ ਦੀ ਛੋਟੀ ਜਿਹੀ ਮਿਲਣੀ ਨੇ ਪੰਜਾਬ ਰਾਜਪਾਲ ਦੇ ਇਰਾਦੇ ਵਿਚ ਇਕਦਮ ਤਬਦੀਲੀ ਲੈ

Sri Satguru Jagjit Singh Ji Elibrary NamdhariElibrary@gmail.com

ਸੌ-ਸਾਲਾ ਸ਼ਹੀਦੀ ਦਿਵਸ

ਅਜ ਦੇ ਭਾਰਤ ਦੀ ਅਜ਼ਾਦ ਰੂਹ ਉਸ ਵਕਤ ਦੀ ਗ਼ੁਲਾਮੀ ਦੇ ਪੇਟੋਂ ਜਾਈ ਹੈ। ਇਸ ਦੇ ਚਿਹਰੇ ਦੀ ਲਾਲੀ ਉਹਨਾਂ ਸ਼ਹੀਦਾਂ ਦੇ ਖ਼ੂਨ ਦਾ ਰੰਗ ਹੈ। ਅਜ ਤੋਂ ਇਕ ਸੌ ਸਾਲ ਪਹਿਲਾਂ ਅੰਗਰੇਜ਼ ਹਕੂਮਤ ਨਾਲ ਟਕਰ ਲੈ ਕੇ ਧਰਮ ਦੀ ਰਾਖੀ ਤੇ ਦੇਸ਼ ਆਜ਼ਾਦੀ ਬਦਲੇ ਜਿਹਨਾਂ ਨਾਮਧਾਰੀ ਕੌਮੀ ਸ਼ਹੀਦਾਂ ਨੇ ਹਸਦਿਆਂ ਆਪਾ ਕੁਰਬਾਨ ਕੀਤਾ। ਉਹਨਾਂ ਬੀਰਾਂ ਦੀ ਯਾਦ ਦੇ ਪੱਦ ਚਿੰਨ ਭਾਰਤ ਭੂਮੀ ਦੇ ਹਰ ਕਿਨਕੇ ਤੇ ਗ਼ਹਿਰੇ ਉਕਰੇ ਨਜ਼ਰ ਆ ਰਹੇ ਹਨ।

ਗ਼ੁਲਾਮੀ ਦੇ ਘੁਪ ਹਨੇਰੇ ਸਮੇਂ ਅੰਮ੍ਰਿਤਸਰ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਸੱਚੇ ਸਪੂਤਾਂ ਨੇ ਸਚਾਈ ਦਾ ਸੂਰਜ ਉਦੇ ਕੀਤਾ। ਜਿਸ ਦੀ ਰੌਸ਼ਨੀ, ਅਣਗਹਿਲੀ ਨਾਲ ਸੁੱਤੀਆਂ ਤੇ ਲਾਲਚ ਨਾਲ ਧੁਆਂਖੀਆਂ ਜ਼ਿੰਦਾਂ ਨੂੰ ਰੌਸ਼ਨ ਕਰ ਦਿਤਾ। ਭਾਰਤ ਦੇ ਸਵੈਮਾਨ ਨੇ ਸਿਰਾਂ ਦੀ ਬਾਜੀ ਲਾ ਕੇ ਕਾਇਮ ਰਖਿਆ। ਉਹਨਾਂ ਬਹਾਦਰਾਂ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਵਲੋਂ ੧੫ ਸਤੰਬਰ ੧੯੭੧ ਨੂੰ ਇਕ ਸ਼ਾਨਦਾਰ ਸਾਲਾਨਾਂ ਮੇਲਾ ਮਨਾਇਆ ਗਿਆ। ਇਸ ਸਮਾਗਮ ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਇਲਾਵਾ, ਸਾਡੀ ਸ਼ਤਾਬਦੀ ਸਮਿਤੀ ਦੇ ਸਰਪ੍ਰਸਤ ਮਹਾਂਰਾਜ ਬੀਰ ਸਿੰਘ ਜੀ ਹੋਰ ਕਈ ਸੰਸਥਾਵਾਂ ਦੇ ਆਗੂ ਨਾਮਧਾਰੀ ਪੰਥ ਦੇ ਵਿਦਵਾਨ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਪਹੁੰਚ ਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕੀਤਾ। ੧੫ ਸਤੰਬਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਸਾਰਾ ਦਿਨ ਕੀਰਤਨ ਹੁੰਦਾ ਰਿਹਾ।

ਸਿੰਘ ਜੀ

ਆਂਦੀ। ਸੇਠ ਤਰਲੋਚ ਸਿੰਘ ਜੀ ਨੇ ਨਾਮਧਾਰੀ ਸ਼ਹੀਦਾਂ ਦੀ ਵਤਨ ਬਦਲੇ ਕੁਰਬਾਨੀ ਅਤੇ ਨਾਮਧਾਰੀ ਦਰਬਾਰ ਦੀ ਇਹ ਜਗ੍ਹਾ ਪ੍ਰਾਪਤ ਕਰਨ ਲਈ ਜਦੋਜਹਿਦ ਨੂੰ ਸਹੀ ਸਹੀ ਬਿਆਨਿਆਂ, ਤਾਂ ਪਾਂਵਟੇ ਸਾਹਿਬ ਨੇ ਆਪਣੀ ਮਜ਼ਬੂਰੀ ਦਸੀ ਕਿ ਉਹਨਾਂ ਨੂੰ ਤਾਂ ਇਸ ਘਟਨਾ ਦਾ ਸਹੀ ਤੌਰ ਤੇ ਪਤਾ ਹੀ ਨਹੀਂ ਸੀ, ਵਰਨਾ ਉਹ ਇਸ ਚੰਗੇ ਫ਼ੈਸਲੇ ਨੂੰ ਕਦੇ ਵੀ ਨਾ ਬਦਲਦੇ।

ਸ੍ਰੀ ਪਾਂਵਟੇ ਜੀ ਨੇ ਪ੍ਰਧਾਨ ਜੀ ਨੂੰ ਇਸ ਮੁਲਾਕਾਤ ਵਿਚ ਕਿਹਾ ਕਿ ਕੁਝ ਸੱਜਣ ਨਿਰੰਕਾਰੀ ਸ਼ਰੇਣੀ ਦੇ ਹਨ ਜਿਨ੍ਹਾਂ ਨੇ ਇਸ ਕੇਸ ਨੂੰ ਵਿਗਾੜਿਆ ਹੈ, ਪਰ ਹੁਣ ਉਹ ਇਸ ਕੇਸ ਬਾਰੇ ਕਿਸੇ ਦੀ ਕੁਝ ਪਰਵਾਹ ਨਹੀਂ ਕਰਨਗੇ।

ਸ੍ਰੀ ਪਾਂਵਟੇ ਜੀ ਨੇ ਸੇਠ ਤਰਲੋਕ ਸਿੰਘ ਜੀ ਰਾਹੀਂ ਵਾਅਦਾ ਕੀਤਾ ਹੈ ਕਿ ਅੰਮ੍ਰਿਤਸਰ ਦੇ ਸ਼ਹੀਦਾਂ ਵਾਲੀ ਥਾਂ ਨਾਮਧਾਰੀ ਦਰਬਾਰ ਨੂੰ ਦਿਤੀ ਜਾਵੇਗੀ। ਅਸੀਂ ਪੰਜਾਬ ਦੇ ਰਾਜਪਾਲ ਸ੍ਰੀ ਪਾਂਵਟੇ ਜੀ ਦਾ ਧਨਵਾਦ ਕਰਦੇ ਹਾਂ ਜਿੰਨਾਂ ਨੇ ਸ਼ਹੀਦਾਂ ਵਾਲੀ ਥਾਂ ਨਾਮਧਾਰੀ ਦਰਬਾਰ ਨੂੰ ਦੇਣ ਦਾ ਭਰੋਸਾ ਦਿਵਾਇਆ ਹੈ। ਅਤੇ ਇਹ ਉਮੀਦ ਰਖਦੇ ਹਾਂ ਕਿ ਇਹ ਸ੍ਰੀ ਪਾਂਵਟੇ ਸਾਹਿਬ ਸ਼ਤਾਬਦੀ ਸਮਿਤੀ ਦੇ ਪਰਧਾਨ ਸਾਹਿਬ ਨਾਲ ਕੀਤੇ ਵਾਅਦੇ ਨੂੰ ਪੂਰਿਆਂ ਕਰਕੇ ਸਮੁਚੇ ਨਾਮਧਾਰੀ ਪੰਥ ਦੇ ਹਿਤ ਨੂੰ ਜਿਤ ਲੈਣਗੇ।

ਜਿਥੇ ਅਸੀਂ ਪਾਂਵਟੇ ਜੀ ਦਾ ਧਨਵਾਦ ਕਰਦੇ ਹਾਂ, ਉਥੇ ਸਾਨੂੰ ਨਿਰੰਕਾਰੀ ਸ਼ਰੇਣੀ ਦੇ ਉਹਨਾਂ ਸੱਜਣਾਂ ਤੇ ਭਾਰੀ ਰੋਸ ਵੀ ਹੈ ਜੋ ਆਪਣੇ ਦਿਲ ਦੀ ਲੁਕੀ ਭੜਾਸ ਸ਼ਹੀਦਾਂ ਨਾਲ ਵਿਰੋਧ ਰਖਕੇ ਕੱਢਣੀ ਚਾਹੁੰਦੇ ਹਨ, ਹੈਰਾਨੀ ਹੈ ਉਹਨਾਂ ਨਿਰੰਕਾਰੀਆਂ ਤੇ ਜੋ ਆਪਣੇ ਆਪ ਨੂੰ ਤੇ ਹੋਰ ਸਮੂੰਹ ਜਗਤ ਨੂੰ ਅਕਾਲਪੁਰਖ ਦਾ ਰੂਪ ਮੰਨਣ ਦਾ ਢੌਂਗ ਰਚਕੇ ਦੇਸ ਭਗਤਾਂ ਦੀ ਵਿਰੋਧਤਾ ਕਰਦੇ ਹਨ।

— ਹਰਵਿੰਦਰ ਸਿੰਘ ਹੰਸਪਾਲ

Sri Satguru Jagjit Singh Ji Elibrary NamdhariElibrary@gmail.com

ਇਸ ਸਮੇਂ ਸਤਿਗੁਰੂ ਜੀ ਨੇ ਕਿਰਪਾ ਕਰਦਿਆਂ ਫਰਮਾਇਆ —

ਖੇਦ ਬੜਾ ਜਾਂ ਜਹਾਂ ਤੇ ਆਇਆ ।

ਇਹ ਸਤਿਗੁਰੂ ਰਾਮ ਸਿਘ ਜੀ ਦੀ ਹੀ ਸਾਰੀ ਕਿਰਪਾ ਹੈ, ਜਿਨ੍ਹਾਂ ਨੇ ਸੱਚ ਬੋਲਣ ਅਤੇ ਦੇਸ ਲਈ ਮਰ ਮਿਟਨ ਦੀ ਸਮਰਥਾ ਬਖਸ਼ੀ । ਆਪ ਜੀ ਨੇ ਕਿਹਾ ਕਿ ਸਿੰਘਾਂ ਨੇ ਗਊਆਂ ਨੂੰ ਮੁਖ ਰਖ ਕੇ ਧਰਮ ਅਸਥਾਨ ਤੇ ਹਿੰਦੂ ਧਰਮ ਦੀ ਰਖਿਆ ਕੀਤੀ । ਸਤਿਗੁਰੂ ਜੀ ਫ਼ਰਮਾਇਆ, ਸ਼ਹੀਦਾਂ ਨੇ ਜਿਥੇ ਧਰਮ ਦੀ ਰਖਿਆ ਕੀਤੀ ਉਥੇ ਨਾਲ ਹੀ ਅੰਗਰੇਜ਼ ਦੀ ਕੁਟਲ ਨੀਤੀ ਨੂੰ ਵੀ ਵੰਗਾਰਿਆ । ਉਹਨਾਂ ਦਸਿਆ ਕਿ ਜਿਵੇਂ ਗਾਂਧੀ ਜੀ ਨੇ ਲੂਨ ਵਾਸਤੇ ਸਤਿਆਗ੍ਰਹਿ ਕੀਤਾ ਸੀ ਤੇ ਅੰਤਰੀਵ ਭਾਵ ਅੰਗਰੇਜ਼ ਦੀ ਵਿਰੋਧਤਾ ਸੀ, ਇਸੇ ਤਰ੍ਹਾਂ ਸਿੰਘਾਂ ਦਾ ਇਹ ਸਾਕਾ ਗਾਂਧੀ ਜੀ ਤੋਂ ਪਹਿਲਾਂ ਆਜ਼ਾਦੀ ਤੇ ਧਰਮ ਲਈ ਸਾਂਝਾ ਕਦਮ ਸੀ ।

ਗ੍ਰੀਬ ਨਿਵਾਜ਼ ਜੀ ਕਿਹਾ ਕਿ ਹਿੰਦੂ ਸਿੱਖ ਦਾ ਖ਼ੂਨੀ ਰਿਸ਼ਤਾ ਹੈ ਹਿੰਦੂ ਸਿੱਖ ਇਕ ਹਨ । ਨਹੁੰਆਂ ਨਾਲੋਂ ਮਾਸ ਵਖ ਨਹੀਂ ਹੋ ਸਕਦਾ । ਹਿੰਦੂ ਸਿਖ ਦਾ ਵਡਾ ਪਾੜਾ ਤਾਂ ਅੰਗਰੇਜ਼ ਨੇ ਆਪਣੇ ਜ਼ਾਤੀ ਮੁਫ਼ਾਦ ਵਾਸਤੇ ਪਾਇਆ ਸੀ । ਸਤਿਗੁਰੂ ਜੀ ਕਿਹਾ ਕਿ ਸਾਨੂੰ ਹਿੰਦੂ ਸਿੱਖ ਏਕਤਾ ਬਰਕਰਾਰ ਰਖਣੀ ਚਾਹੀਦੀ ਹੈ, ਅਤੇ ਹਮੇਸ਼ਾ ਇਕ ਦੂਜੇ ਦੇ ਸੁਖ ਦੁਖ ਦੇ ਸਾਂਝੀ ਵਾਲੀ ਬਣੇ ਰਹਿਣਾ ਚਾਹੀਦਾ ਹੈ । ਅੰਤ ਵਿਚ ਗ੍ਰੀਬ ਨਿਵ ਜ਼ ਜੀ ਸੰਗਤਾਂ ਨੂੰ ਹਰ ਰੋਜ਼ ਇਕ ਘੰਟਾ ਜ਼ਰੂਰੀ ਨਾਮ ਸਿਮਰਨ ਕਰਨ ਲਈ ਹੁਕਮ ਦਿਤਾ ।

ਆਪ ਜੀ ਤੋਂ ਪਹਿਲਾਂ ਸ਼ਾਮ ਦੇ ਦੀਵਾਨ ਵਿਚ ਇਸੇ ਜਗ੍ਹਾ ਤੇ ਆਪਣਾ ਆਪ ਕੁਰਬਾਨ ਕਰਨ ਵਾਲੇ ਸ਼ਹੀਦ ਸੂਰਮਿਆਂ ਨੂੰ ਹੇਠ ਲਿਖੇ ਸੱਜਨਾਂ ਵਲੋਂ ਸ਼ਰਧਾਂਜਲੀਆਂ ਅਰਪਣ ਕੀਤੀਆਂ ਗਈਆਂ ।

ਪੰਡਤ ਗੋਪਾਲ ਸਿੰਘ ਜੀ ।
ਮਾ: ਨਿਹਾਲ ਸਿੰਘ ਜੀ ।
ਗਿਆਨੀ ਤਰਲੋਕ ਸਿੰਘ ਜੀ ।
ਗਿਆਨੀ ਪੂਰਨ ਸਿੰਘ ਪ੍ਰ: ਸੋ: ਗੁ: ਪ੍ਰ: ਕ:
ਸ: ਕਿਰਪਾਲ ਸਿੰਘ ਜੀ ਸਾਬਕਾ ਐਮ. ਐਲ. ਏ.
ਸ: ਸਰਮੁਖ ਸਿੰਘ ਜੀ ਚਮਕ ।
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ।
ਸ੍ਰੀ ਗਿਆਨ ਚੰਦ ਜੀ (ਖਰਬੰਦਾ) ।
ਸ੍ਰੀ ਦੇਵਦਤ ਜੀ ਸ਼ਰਮਾ ।
ਸ੍ਰੀ ਮਹਾਂਰਾਜ ਬੀਰ ਸਿੰਘ ਜੀ ।

ਸਿੰਘ ਗਿ.

ਸ੍ਰੀ ਹਰਸਾ ਸਿੰਘ ਜੀ ਚਾਤਰ ਨੇ ਸ਼ਹੀਦਾਂ ਦੇ ਸਾਕੇ ਦੀ ਵਾਰ ਪੜ੍ਹੀ ਅਤੇ ਕਵੀ ਪ੍ਰੀਤਮ ਸਿੰਘ ਜੀ ਸ਼ਹੀਦਾਂ ਬਾਰੇ ਇਕ ਮਤਾ ਪਾਸ ਕੀਤਾ ਜੋ ਸਰਬ ਸੰਮਤੀ ਨਾਲ ਪਾਸ ਹੋਇਆ ।

ਮਤਾ

ਅੱਜ ੩੧ ਭਾਦਰੋਂ ੨੦੨੮ (੧੫-੯-੧੯੭੧) ਨੂੰ ਨਾਮਧਾਰੀ ਸੰਗਤ ਨੇ ਅੰਗਰੇਜ਼ੀ ਸਾਮਰਾਜ ਵਿਰੋਧੀ ਅੰਮ੍ਰਿਤਸਰ ਵਿਚ ਪਹਿਲੇ ਨਾਮਧਾਰੀ ਸ਼ਹੀਦਾਂ ਦੇ ਸੌ-ਸਾਲਾ ਸਮਾਗਮ ਸਮੇਂ ਬੜੇ ਦੁਖ ਨਾਲ ਇਹ ਅਨੁਭਵ ਕੀਤਾ ਹੈ ਕਿ ਜਿਨ੍ਹਾਂ ਸੂਰਬੀਰਾਂ ਨੇ ਬ੍ਰਿਟਿਸ਼ ਰਾਜ ਦੇ ਰਾਜ਼ਦਾਰਾਨਾ ਚੈਲੰਜ ਨੂੰ ਪਰਵਾਨ ਕਰਕੇ ਉਸ ਦੇ ਨਿਆਂ-ਕਾਨੂੰਨ ਦੀ ਹੋਲੀ ਬਾਲਦਿਆਂ ਅੰਮ੍ਰਿਤਸਰ ਵਿਚ ਸ਼ਹੀਦੀਆਂ ਪਾਈਆਂ, ਉਹਨਾਂ ਦੇ ਸ਼ਹੀਦੀ-ਸਥਾਨ ਨੂੰ ਆਮ ਜਨਤਾ ਲਈ ਪਰੇਰਣਾਦਾਇਕ ਇਤਿਹਾਸਕ ਯਾਦਗਾਰੀ ਸਥਾਨ ਬਣਾਣ ਦੀ ਥਾਂ ਪੰਜਾਬ ਦੀ ਇਸ ਤੋਂ ਪਹਿਲੀ ਸਰਕਾਰ ਵਲੋਂ ਦਿਤੇ ਗਏ ਸਥਾਨ ਨੂੰ ਸ਼ਾਇਦ ਰਾਜਸੀ ਮਸਲਹਤਾ ਅਧੀਨ, ਗਵਰਨਰ ਪੰਜਾਬ ਨੇ ਵਾਪਸ ਲੈ ਲਿਆ ਹੈ ।

ਅੱਜ ਦਾ ਇਹ ਸਮਾਗਮ ਪੁਰਜ਼ੋਰ ਮੰਗ ਕਰਦਾ ਹੈ ਕਿ ਬਾਦਲ-ਸਰਕਾਰ ਦੇ ਕੀਤੇ ਫ਼ੈਸਲੇ ਅਨੁਸਾਰ ਗਵਰਨਰ ਪੰਜਾਬ ਬਿਨਾਂ ਕਿਸੇ ਢਿੱਲ ਦੇ ਨਾਮਧਾਰੀ ਸ਼ਹੀਦਾਂ ਦੀ ਜਗ੍ਹਾ, ਯਾਦਗਾਰੀ ਸਥਾਨ ਬਣਾਣ ਲਈ ਨਾਮਧਾਰੀ ਦਰਬਾਰ ਨੂੰ ਵਾਪਸ ਕਰ ਦੇਣ ।

Sri Satguru Jagjit Singh Ji Elibrary NamdhariElibrary@gmail.com

ਕ੍ਰਾਂਤੀਕਾਰੀ ਸਤਿਗੁਰੂ ਰਾਮ ਸਿੰਘ ਜੀ

ਗਿ: ਚਰਨਜੀਤ ਸਿੰਘ ਜੀ ਦੁਖੀ

ਪੰਜਾਬ ਭਾਰਤ ਦਾ ਤਲਵਾਰੀਆ ਹੱਥ ਰਿਹਾ ਹੈ। ਭਾਰਤ ਦੀ ਤਕਦੀਰ ਇਥੋਂ ਬਣਦੀ ਤੇ ਵਿਗੜਦੀ ਰਹੀ ਹੈ। ਭਾਰਤ ਦੀ ਤਕਦੀਰ ਤਾਂ ਉਸ ਦਿਨ ਹੀ ਵਿਗੜ ਗਈ ਸੀ ਜਿਸ ਦਿਨ ਪ੍ਰਿਥਵੀ ਰਾਜ ਅਤੇ ਜੈ ਚੰਦ ਨੇ ਆਪੋ ਵਿਚ ਦੀ ਘਰੋਗੀ ਲੜਾਈ ਵਿਚ ਭਾਰਤ ਨੂੰ ਮੁਹੰਮਦ ਗੋਰੀ ਤੇ ਉਸ ਦੇ ਬਾਅਦ ਨੌ ਸੌ ਸਾਲ ਤਕ ਵਾਰੋ ਵਾਰੀ, ਖਿਲਜੀ, ਸਾਦਾਤ, ਤੁਗਲਕ, ਪਠਾਣਾਂ ਤੇ ਮੁਗ਼ਲਾਂ ਦੇ ਪਰਾਧੀਨ ਕਰ ਦਿਤਾ ਅਤੇ ਦਾਸਤਾਂ ਦੀ ਇਹ ਲੜੀ ਮੁਗ਼ਲਾਂ ਤੋਂ ਅਗੇ ਚਲ ਕੇ ਅੰਗਰੇਜ਼ਾਂ ਦੇ ਰਾਜ ਤਕ ਜਾਰੀ ਰਹੀ ਅਤੇ ਇਹ ਦੇਸ਼ ਬੜੇ ਸੰਘਰਸ਼ ਘੁਲਦਾ ਘੁਲਦਾ ਅੰਤ ੧੫ ਅਗਸਤ, ੧੯੪੭ ਈ: ਨੂੰ ਆਜ਼ਾਦ ਹੋਇਆ।

ਅੰਗਰੇਜ਼ਾਂ ਨੇ ਜਿਥੇ ਭਾਰਤ ਉਤੇ ਅਧਿਕਾਰ ਜਮਾਇਆ ਉਥੇ ਉਨ੍ਹਾਂ ਦੀਆਂ ਨਜ਼ਰਾਂ ਪੰਜਾਬ ਤੇ ਵੀ ਨਾਲ ਨਾਲ ਰਹੀਆਂ। ਮਹਾਰਾਜਾ ਰਣਜੀਤ ਸਿੰਘ ਜੀ ਦੀ ਦੂਰ ਦਰਸਤਾ ਅਤੇ ਰਾਜਨੀਤੀ ਅਗੇ ਉਨ੍ਹਾਂ ਦੀ ਸਿਆਸਤ ਮਾਤ ਰਹੀ। ਨਿਰਭਾਗਤਾ ਵੱਸ ਪੰਜਾਬ ਦਾ ਇਹ ਸੂਰਜ ੨੭ ਜੂਨ ੧੮੩੯ ਈ: ਦੇ ਦਿਨ ਸਮੇਂ ਦੀ ਬੁੱਕਲ ਵਿਚ ਜਾ ਲੁਕਿਆ। ਇਸ ਦੇ ਪਿਛੋਂ ਬੁਰਛਾ ਗਰਦੀ ਦਾ ਉਹ ਨੰਗਾ ਨਾਚ ਨਚਿਆ ਗਿਆ ਕਿ ਜਿਸ ਨੂੰ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਮਹਾਰਾਜਾ ਖੜਕ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੀ ਹਕੂਮਤ ਦਾ ਸਮਾਂ ਬੜੀ ਤੇਜ਼ ਰਫ਼ਤਾਰੀ ਨਾਲ ਮੁੱਕਾ। ਪੰਜਾਬੀ ਸ਼ੇਰ ਦੀ ਅੰਤਿਮ ਨਿਸ਼ਾਨੀ ਅਤੇ ਰਾਜ ਮਾਤਾ ਜਿੰਦਾਂ ਦੇ ਟੁਕੜੇ ਮਹਾਰਾਜਾ ਦਲੀਪ ਸਿੰਘ ਨੂੰ ਕੇਵਲ ਪੰਜਾਂ ਵਰ੍ਹਿਆਂ ਦੀ ਉਮਰ ਵਿਚ ੧੮ ਸਤੰਬਰ ੧੮੪੬ ਈ: ਨੂੰ ਤਖ਼ਤ ਤੇ ਬੈਠਾਇਆ ਅਤੇ ਇਹ ਰਾਜ ਵੀ ੨੯ ਮਾਰਚ ੧੮੪੯ ਈ: ਨੂੰ ਸਵੇਰੇ ੭ ਵਜੇ ਸਮਾਪਤ ਹੋ ਗਿਆ। ਅੰਤਿਮ ਦਰਬਾਰ ਵਿਚ ਦੀਵਾਨ ਦੀਨਾ ਨਾਥ ਨੇ ਅੰਗਰੇਜ਼ਾਂ ਦਾ ਪੰਜਾਬ ਨੂੰ ਆਪਣੀ ਅਮਲਦਾਰੀ ਵਿਚ ਲੈਣ ਤੇ ਪ੍ਰੋਟੈਸਟ ਕੀਤਾ ਪ੍ਰੰਤੂ ਹੰਝੂ ਕੇਰਨ ਤੇ ਕੁਝ ਵੀ ਪ੍ਰਾਪਤ ਨਾ ਹੋ ਸਕਿਆ।

੨੧ ਦਸੰਬਰ ੧੮੪੯ ਈ: ਨੂੰ ਲਾਰਡ ਡਲਹੌਜ਼ੀ ਦੀ ਸਕੀਮ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਉਸ ਦੀ ਮਾਤਭੂਮੀ ਪੰਜਾਬ ਤੋਂ ਜਲਾਵਤਨ ਕਰਕੇ ਫ਼ਤਿਹਪੁਰ ਸੀਕਰੀ ਵਿਚ ਪਹੁੰਚਾ ਦਿਤਾ। ਇਸ ਤੋਂ ਬਾਅਦ ਦਲੀਪ ਸਿੰਘ ਆਪਣੇ ਪਿਆਰੇ ਪੰਜਾਬ ਦੇ ਦਰਸ਼ਨ ਹੀ ਨਾ ਕਰ ਸਕਿਆ ਤੇ ਆਖ਼ਰ ਫ਼ਰਾਂਸ ਦੀਆਂ ਗਲੀਆਂ ਵਿਚ ਰੁਲ ਰੁਲ ਕੇ ਖ਼ਤਮ ਹੋ ਗਿਆ, ਦੋਵੇਂ ਮਾਂ-ਪੁੱਤ ਸਹਿਕਦੇ ਸਹਿਕਦੇ ਈਸ਼੍ਵਰੀ ਗੋਦ ਨੂੰ ਪ੍ਰਵਾਨ ਹੋਏ।

ਇਧਰ ਪੰਜਾਬ ਦੀ ਹੋਣੀ ਵੀ ਬਦਲ ਗਈ, ਸਿੱਖ ਰਾਜ ਕੀ ਗਿਆ। ਨਾਸਤਕਤਾ ਤੇ ਆਪਹੁਦਰੀ ਛਾ ਗਈ। ਅਸੁਰੀ ਸ਼ਕਤੀਆਂ ਨੇ ਗ਼ਲਬਾ ਪਾ ਲਿਆ। ਧਰਮ, ਸੱਤ ਆਚਰਨ ਦਾ ਪਤਨ ਸ਼ੁਰੂ ਹੋ ਗਿਆ। ਸਿੱਖੀ ਨੂੰ ਆਪਣੇ ਆਪ ਤੋਂ ਹੀ ਖ਼ਤਰਾ ਹੋ ਗਿਆ। ਬਦੇਸੀ ਹਾਕਮਾਂ ਦੀ ਗ਼ੁਲਾਮੀ ਦਾ ਅਸਰ ਹੋਣ ਲਗਾ। ਸਿੱਖੀ ਨੂੰ ਢਾਹ ਲਗਣੀ ਸ਼ੁਰੂ ਹੋ ਗਈ। ਸਰਦੇ ਪੁਜਦੇ ਘਰਾਣੇ ਕੇਸ ਕਤਲ ਕਰਵਾਣ ਲਗ ਪਏ। ਹੁੱਕਾ, ਸ਼ਰਾਬ, ਸਿਗਰਟ ਮਾਸ ਅਤੇ ਆਪਣੇ ਪਿਆਰੇ ਧਰਮ ਨੂੰ ਤਿਲਾਂਜਲੀ ਦੇਣ ਲਗੇ। ਈਸਾਈ ਮਿਸ਼ਨਰੀਆਂ ਨੇ ਲੁਧਿਆਣਾ ਮਿਸ਼ਨ ਤੇ ਹੋਰ ਮਿਸ਼ਨਾਂ ਦੀ ਆੜ ਲੈ ਕੇ ਬਾਈਬਲ ਦਾ ਪਰਚਾਰ ਘਰ ਘਰ ਸ਼ੁਰੂ ਕਰ ਦਿਤਾ।

ਅਜਿਹੇ ਸਮੇਂ ਨਿਰਾਸਤਾ ਦੀ ਹਨੇਰੀ ਰਾਤ ਵਿਚ ਇਕ ਆਸ਼ਾ ਦੀ ਕਿਰਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਮਤ ੧੮੭੨ ਬਿ: ਦੀ ਮਾਘ ਸੁਦੀ ਪੰਚਮੀ ਤੇ ਛੇਵੀਂ ਦੀ ਵਿਚਕਾਰਲੀ ਰਾਤ (ਸੰਨ ੧੮੧੬ ਈ:) ਨੂੰ ਜ਼ਿਲਾ ਲੁਧਿਆਣਾ ਦੇ ਇਕ ਨਿੱਕੇ ਜਿਹੇ ਅਤੇ ਬੇਮਲੂਮੇ ਪਿੰਡ ਰਾਈਆਂ ਭੈਣੀ ਵਿਚ ਵੀਰਵਾਰ ਵਾਲੇ ਦਿਨ ਪ੍ਰਗਟ ਹੋਏ। ਆਪ ਜੀ ਦਾ ਜਨਮ ਇਕ ਗ਼ਰੀਬ ਰਾਮਗੜ੍ਹੀਏ ਬਾਬਾ ਜੱਸਾ ਸਿੰਘ ਦੇ ਮਾਤਾ ਸਦਾ ਕੌਰ ਜੀ ਘਰ ਹੋਇਆ। ਆਪ ਜੀ ਦਾ ਵਿਆਹ ਪਿੰਡ ਧਰੋੜ ਜ਼ਿ: ਲੁਧਿਆਣਾ ਵਿਚ ਮਾਤਾ ਜੱਸਾ ਜੀ ਦੇ ਨਾਲ ਹੋਇਆ, ਜਿਨ੍ਹਾਂ ਤੋਂ ਦੋ ਸਪੁਤਰੀਆਂ ਬੀਬੀ ਨੰਦਾਂ ਤੇ ਦਇਆ ਕੌਰ ਪੈਦਾ ਹੋਈਆਂ।

ਸੰਨ ੧੮੩੭ ਤੋਂ ੧੮੪੫ ਤਕ ਆਪ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਫ਼ੌਜ ਵਿਚ ਜਿਸ ਨੂੰ ਨੌਨਿਹਾਲ ਸਿੰਘ ਦੀ ਰਜਮੈਂਟ ਕਿਹਾ ਜਾਂਦਾ ਸੀ ਨੌਕਰੀ ਕੀਤੀ । ਇਸੇ ਸਮੇਂ

Sri Satguru Jagjit Singh Ji Elibrary NamdhariElibrary@gmail.com

ਆਪ ਜੀ ਨੇ ਹਜਰੋਂ ਜਾ ਕੇ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਉਹਨਾਂ ਨੇ ਇਹਨਾ ਨੂੰ ਪੰਜ ਪੈਸੇ ਤੇ ਨਰੇਲ ਰਖ ਕੇ ਆਪਣਾ ਜਾਨਸ਼ੀਨ ਥਾਪਿਆ। ਬੁਰਛਾ ਗਰਦੀ ਹੱਦੋਂ ਵਧ ਜਾਣ ਤੇ ਆਪ ਨੌਕਰੀ ਛੱਡ ਗਏ। ਕੁਝ ਸਮਾਂ ਪਿਤਾ ਜੀ ਨਾਲ ਘਰੋਗੀ ਕਿਰਤ ਵਿਹਾਰ ਵਿਚ ਗੁਜ਼ਾਰਿਆ। ੧੮੫੬ ਨੂੰ ਸਿੱਖੀ ਸਜਾਨ ਪਿਛੋਂ ਆਪ ਜੀ ਨੇ ਨਾਮਧਾਰੀ ਪੰਥ ਦੀ ਨੀਂਹਾਂ ਨੂੰ ਪੱਕੇ ਪੈਰੀਂ ਖੜਾ ਕਰ ਦਿਤਾ। ਨਾਮਧਾਰੀ ਅਸੂਲਾਂ ਨੂੰ ਅਮਲੀ ਸੇਧ ਆਪ ਜੀ ਨੇ ਦਿਤੀ। ਅੰਮ੍ਰਿਤ ਦੀ ਮਹਾਨ ਦਾਤ ਨੂੰ ਇਸਤ੍ਰੀ-ਜਗਤ ਵਿਚ ਬਰਾਬਰਤਾ ਤੇ ਛਕਾਇਆ । ਬਾਬਾ ਕਾਹਨ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਬਾਬਾ ਆਤਮਾ ਸਿੰਘ, ਬਾਬਾ ਨੈਣਾ ਸਿੰਘ ਤੇ ਬਾਬਾ ਸੁੱਧ ਸਿੰਘ ਪੰਜਾਂ ਸਿੱਖਾਂ ਨੂੰ ਨਾਮ ਅੰਮ੍ਰਿਤ ਦੀ ਦਾਤ ਬਖ਼ਸ਼ੀ । ਮਾਸ, ਸ਼ਰਾਬ, ਚੋਰੀ, ਯਾਰੀ ਅਤੇ ਝੂਠ ਦਾ ਤਿਆਗ, ਬਿਆਜ ਨਹੀਂ ਲੈਣਾ, ਜਿਨਸ ਦੇ ਕੇ ਸੁਆਈ ਡਿਉੜੀ ਨਹੀਂ ਲੈਣੀ। ਸਦਾਚਾਰਕ ਉਸਾਰੀ ਵਾਸਤੇ ਅਸੂਲ ਘੜੇ। ਕੁੜੀਆਂ ਮਾਰਨਾ, ਵੇਚਨਾ, ਵੱਟੇ ਦੇ ਸਾਕ, ਬਾਲ ਵਿਆਹਾਂ ਦੀ ਉੱਕੀ ਮਨਾਹੀ ਕਰਕੇ ਸੱਚੇ ਪਾਤਸ਼ਾਹ ਜੀ ਨੇ ਸਮਾਜਕ ਉਠਾਣ ਕੀਤਾ । ਦਾਜ ਦੀ ਲਾਅਨਤ ਨੂੰ ਸਦਾ ਵਾਸਤੇ ਆਪਣੀ ਨੀਂਦੇ ਸੁਆ ਦਿਤਾ । ਅੰਮ੍ਰਿਤ ਵੇਲੇ ਉਠਾਣਾ, ਸਣੇ ਕੇਸੀਂ ਇਸ਼ਨਾਨ, ਨਾਮ, ਬਾਣੀ ਦਾ ਪਾਠ, ਸਾਦਾ ਪੁਸ਼ਾਕ, ਸਿੱਧੀ ਦਸਤਾਰ, ਸੁੱਚ ਸੰਜਮ, ਅਤਿੱਥੀ ਸਤਿਕਾਰ, ਗਊ ਗ਼ਰੀਬ ਦੀ ਸੇਵਾ ਤੇ ਰੱਖਿਆ ਆਦਿ ਦੀ ਰਹਿਤ ਬਖ਼ਸ਼ ਕੇ ਧਾਰਮਿਕ ਜਾਗਰਤੀ ਨੂੰ ਪੁਨਰ ਜਨਮ ਦਿਤਾ। ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜਾਉਣੇ ਆਪਣੇ ਝਗੜੇ ਆਪ ਮੁਕਾਣੇ, ਪੰਚਾਇਤੀ ਫ਼ੈਸਲੇ ਮੰਨਣੇ ਅਤੇ ਡਾਕ ਦਾ ਆਪਣਾ ਪ੍ਰਬੰਧ ਕਰਕੇ ਆਪ ਜੀ ਨੇ ਰਾਜਸੀ ਸੂਝਬੂਝ ਨੂੰ ਜਨਮ ਦਿਤਾ। ਗੱਲ ਕੀ, ਜੀਵਨ ਦੇ ਹਰ ਪਹਿਲੂ ਨੂੰ ਆਪ ਜੀ ਨੇ ਮੁੜ ਠੁੱਕ ਸਿਰ ਲਿਆ ਦਿਤਾ।

ਅੰਗਰੇਜ਼ ਨੂੰ ਆਪ ਜੀ ਤੋਂ ਇਨ੍ਹਾਂ ਸੁਧਾਰਾਂ ਕਾਰਨ ਆਪਣੇ ਆਪ ਤੋਂ ਡਰ ਲਗਣ ਲਗ ਪਿਆ। ਅੰਗਰੇਜ਼ਾਂ ਦੀ ਹਮਦਰਦੀ ਹਿੰਦੂਆਂ ਦੇ ਵਿਰੁਧ ਅਤੇ ਸਤਿਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੇਵਕਾਂ ਦੇ ਅਗੇ ਹੀ ਖ਼ਿਲਾਫ਼ ਸੀ। ਆਖ਼ਰ ਇਹ ਟੱਕਰ ਇਕ ਭਿਆਨਕ ਅੰਦੋਲਨ ਵਿਚ ਵੱਟ ਗਈ।

ਮਲੇਰ ਕੋਟਲੇ ਦੇ ਸਾਕੇ ਨੇ ਤਾਂ ਮਾਨੋਂ ਕੂਕਾ ਇਤਿਹਾਸ ਨੂੰ ਸੁਨਹਿਰੀ ਇਤਿਹਾਸ ਵਿਚ ਹੀ ਬਦਲ ਦਿਤਾ। ਭਾਵੇਂ ਇਹ ਇਕ ਬਹੁਤ ਵੱਡਾ ਖ਼ੂਨੀ ਤੇ ਦਰਦਨਾਕ ਕਾਂਡ ਹੈ ਆਪਣੇ ਆਪ ਵਿਚ। ਨਿਰਦੋਸ਼ ਗਿਆਨੀ ਸਿੰਘ ਤੇ ਸੰਤ ਰਤਨ ਸਿੰਘ ਜੀ ਨਾਈ ਵਾਲਾ ਦਾ ੨੬-੧੧-੧੮੭੧ ਨੂੰ ਫ਼ਾਂਸੀ ਦਿਤੇ ਜਾਣਾ, ਰਾਏਕੋਟ ਤੇ ਅੰਮ੍ਰਿਤਸਰ ਵਿਚ ਕੂਕਿਆਂ ਨੂੰ ਫ਼ਾਂਸੀ ਦੇਣਾ ਇਹ ਕੁਝ ਜ਼ਰੂਰੀ ਕਾਰਨ ਸਨ। ੪੯ ਕੂਕੇ ਜ਼ਿੰਦਾ ਤੋਪਾਂ ਨਾਲ ਉੜਾ ਦਿਤੇ ਗਏ ੧ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਅਤੇ ਅਗਲੇ ਦਿਨ ੧੬ ਹੋਰ ਉੜਾ ਦੇਣੇ ਕੂਕਾ ਇਤਿਹਾਸ ਦਾ ਅਜਿਹਾ ਅਮਰ ਇਤਿਹਾਸ ਹੈ ਜਿਸ ਨੂੰ ਭਾਰਤ ਦੇ ਇਤਿਹਾਸ ਦਾ ਸ਼ਾਨਦਾਰ ਤੇ ਸੁਨਹਿਰੀ ਇਤਿਹਾਸ ਕਿਹਾ ਜਾਣਾ ਚਾਹੀਦਾ ਹੈ। ਇਹ ਉਹ ਸੁਨਹਿਰੀ ਕਾਂਡ ਹੈ,ਜਿਸ ਨੇ ਭਾਰਤ ਦੀ ਨਾ ਮਿਲਵਰਤਨ ਲਹਿਰ ਨੂੰ ਅਗੇ ਜਾ ਕੇ ਜਨਮ ਦਿਤਾ। ਜਿਸ ਨੂੰ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਅਪਣਾਇਆ। ਇਸ ਲਹਿਰ ਦੇ ਜਨਮ ਦਾਤਾ ਵਾਸਤਵ ਵਿਚ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਹੱਸਦਿਆਂ ਹੱਸਦਿਆਂ ਫ਼ਾਂਸੀ ਤੇ ਚੜ੍ਹਦਿਆਂ ਵੇਖ ਕੇ ਕਾਵਨ ਦੀ ਬੀਵੀ ਵੀ ਕਹਿ ਉਠੀ ਸੀ। ਅਜ ਮੈਂ ਹਰ ਕੂਕੇ ਵਿਚ ਹਜ਼ਰਤ ਮਸੀਹ ਦੇ ਦਰਸ਼ਨ ਕੀਤੇ ਹਨ।

ਇਸੇ ਸਾਕੇ ਸਮੇਂ ੧੭ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੁਲੀਸ ਰਾਹੀਂ ਲੁਧਿਆਣੇ ਆਂਦੇ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਸਮੇਂ ਸੰਗਤਾਂ ਨੂੰ ਵਿਆਕੁਲ ਵੇਖ ਕੇ ਧੀਰਜ ਦਿੰਦਿਆਂ ਇਸ ਦੇਹ ਵਿਚ ਮੁੜ ਵਾਪਸ ਆਉਣ ਦਾ ਇਕਰਾਰ ਕਰਕੇ ਕਾਲੀ ਕਮਲੀ ਓੜ ਗੱਡੇ ਤੇ ਬੈਠ ਲੁਧਿਆਨੇ ਪਹੁੰਚੇ।

੧੮ ਜਨਵਰੀ, ੧੮੭੨ ਈ: ਨੂੰ ਹਜ਼ੂਰ ਨਜ਼ਰਬੰਦੀ ਵਿਚ ਇਲਾਹਬਾਦ ਪਹੁੰਚਾਏ ਗਏ। ਆਪ ਜੀ ਨਾਲ ਸੇਵਕ ਭਾਈ ਨਾਨੂ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਸਾਹਿਬ ਸਿੰਘ ਤੇ ਸੂਬਾ ਜਵਾਹਰ ਸਿੰਘ ਗਏ। ੧੬ ਮਾਰਚ, ੧੮੭੨ ਨੂੰ ਸਤਿਗੁਰੂ ਜੀ ਨੂੰ ਰੰਗੂਨ ਦੀ ਬੰਦਰਗਾਹ ਤੇ ਉਤਾਰਿਆ ਗਿਆ। ੧੮ ਸਤੰਬਰ ੧੮੮੦ ਈ: ਨੂੰ ਅਨੰਦਾ ਨਾਮ ਕਿਸ਼ਤੀ ਤੇ ਸਵਾਰ ਕਰਕੇ ਮਰਗੋਈ ਪਹੁੰਚਾ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਭਾਰਤ ਦੇ ਉਹ ਮਹਾਨ ਪੁਰਸ਼ ਹਨ ਜਿਨ੍ਹਾਂ ਨੇ ਭਾਰਤ ਨੂੰ ਆਜ਼ਾਦੀ ਦੀ ਦੇਣ ਦਿਤੀ ਹੈ । ਭਾਰਤ ਵਿਚ ਜਾਗਰਤੀ ਦੇ ਸਭ ਤੋਂ ਵੱਡੇ ਤੇ ਅਦੁੱਤੀ ਸੁਤੰਤਰਤਾ ਸੰਗ੍ਰਾਮੀਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਹਨ। ਧੰਨ ਹੈ ਸਤਿਗੁਰੂ ਰਾਮ ਸਿੰਘ ਧੰਨ। ਧੰਨ !!

Sri Satguru Jagjit Singh Ji Elibrary NamdhariElibrary@gmail.com

ਵਿਸ਼ਵ ਇਤਿਹਾਸ ਵਿਚ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਥਾਨ

ਗਿਆਨੀ ਤ੍ਰਿਲੋਕ ਸਿੰਘ, ਹਿਸਟੋਰੀਅਨ ਅੰਮ੍ਰਿਤਸਰ

(ਪਿਛੇ ਤੋਂ ਅੱਗੇ-੪)

ਸਤਿਗੁਰੂ ਰਾਮ ਸਿੰਘ ਜੀ ਵਲੋਂ ਜੀਵਨ ਬੀਜ ਮੰਤ੍ਰਾਂ ਦੀ ਬਖ਼ਸ਼ਿਸ਼

ਸੂਝਵਾਨ ਅਧਿਆਤਮਿਕ ਵਿਗਿਆਨੀਆਂ (ਗਿਆਨੀਆਂ) ਨੇ ਗੁਰਮਤਿ ਵਿਚ ਤਿੰਨ ਪ੍ਰਕਾਰ ਦੇ ਮੰਤ੍ਰ ਮੰਨੇ ਹਨ-ਬੀਜ ਮੰਤ੍ਰ ਮੂਲ ਮੰਤ੍ਰ ਅਤੇ ਗੁਰਮੰਤ੍ਰ । "੧ਓ" ਅਤੇ ਮੂਲ ਮੰਤ੍ਰ ੧ਓ ਸਤਿਨਾਮ ਤੋਂ ਗੁਰ ਪ੍ਰਸਾਦਿ" ਤਕ ਸਾਰੀ ਤੁਕ ਅਤਿ ਗੁਰਮੰਤ੍ਰ ਆਪ ਪ੍ਰਧਾਨ ਸ਼ਬਦ 'ਵਾਹਿਗੁਰੂ' ਮਿਥਿਆ ਹੈ...ਜਾਂ ਗੁਰਦੀਖਿਆ ਦੇਣ ਵਾਲੇ ਦਾ ਆਪਣਾ ਕਾਇਮ ਕੀਤਾ ਕੋਈ ਸ਼ਬਦ ।

ਤਿੰਨਾਂ ਮੰਤ੍ਰਾਂ ਦਾ ਉਦੇਸ਼ ਅਥਵਾ ਨਿਸ਼ਾਨਾ ਹੈ ਕਿ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ — ਵਾਹਿਗੁਰੂ ਦੀ ਉਸਤਿਤ ਕਰਕੇ ਆਤਮਿਕ ਸੁਖਾਂ ਦੀ ਪ੍ਰਾਪਤੀ ਕਰਨੀ ਅਤੇ ਵਾਹਿਗੁਰੂ ਦੇ ਨੇੜੇ ਤੋਂ ਨੇੜੇ ਹੋਣ ਦਾ ਜਤਨ ਕਰਨਾ ਤਾਂ ਕਿ ਜੀਵਆਤਮਾ ਦੀ ਕਲਿਆਨ ਹੋਵੇ, ਸ਼ਾਂਤੀ ਪ੍ਰਾਪਤ ਹੋਏ, ਸਰੀਰ ਦੇ ਕਸ਼ਟ ਵੀ ਦੂਰ ਹੋਣ, "ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥" ਬਾਣੀ ਸੁਖਮਨੀ ਸਾਹਿਬ ਸਾਰੀ ਵਿਚ ਨਾਮ ਸਿਮਰਨ ਦੀ ਮਹਿਮਾ, ਲਾਭਾਂ ਦੀ ਪ੍ਰਾਪਤੀ ਅਤੇ ਮਨੁੱਖੀ ਜੀਵਨ ਵਿਚ ਉਚਤਾ, ਨਿਰਭੈਤਾ, ਨਿਰਵੈਰਤਾ ਅਤੇ ਸਦੀਵੀ ਸ਼ਾਂਤੀ ਪ੍ਰਾਪਤ ਕਰਨ ਦੇ ਸਾਧਨਾਂ ਦੀ ਵਿਆਖਿਆ ਹੈ। ਦਸਮ ਪਿਤਾ ਦੀ ਬਾਣੀ ਜਾਪ ਸਾਹਿਬ ਵਿਚ ਬੀਜ ਮੰਤ੍ਰ ਦੀ ਖੁਲ੍ਹੀ ਵਿਆਖਿਆ ਹੈ। 'ਨਾਮ' ਤੋਂ ਵਸ਼ੇਸ਼ ਭਾਵ ਹੈ 'ਵਾਹਿਗੁਰੂ' ਜਿਸ ਨੇ ਸਾਰੀ ਸਰਿਸ਼ਟੀ ਦੀ ਰਚਨਾ ਕੀਤੀ ਹੈ, "ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਿਮੰਡ" (ਸੁਖਮਨੀ)

ਸਤਿਗੁਰੂ ਰਾਮ ਸਿੰਘ ਜੀ ਨੇ ਨਾਮ-ਸਿਮਰਨ ਦੀ ਦਾਤ ਤਾਂ ਧੁਰੋਂ ਹੀ ਪ੍ਰਾਪਤ ਕੀਤੀ ਸੀ। ਹੋਸ਼ ਸੰਭਾਲਣ ਤੇ ਗੁਰਮੁਖੀ ਪੜ੍ਹੀ ਤੇ ਮਾਤਾ ਪਿਤਾ ਦੇ ਉਪਦੇਸ਼ ਨਾਲ ਨਾਮ ਸਿਮਰਨ ਵਲ ਚਿੱਤ ਲਾਇਆ, ਬਾਣੀ ਦਾ ਗਿਆਨ ਪ੍ਰਾਪਤ ਕੀਤਾ। ਜਦੋਂ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ(੧੮੪੭) ਕੀਤੇ ਤਾਂ ਗੁਰਦੀਖਿਆ ਪ੍ਰਾਪਤ ਹੋਈ, ਉਹੋ ਜੋਤਿ ਪ੍ਰਾਪਤ ਹੋਈ ਜਿਹੜੀ ਸਤਿਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਕਲਗੀਧਰ ਜੀ ਮਹਾਰਾਜ ਤਕ ਆਈ ਸੀ ਤੇ ਸਤਿਗੁਰੂ ਬਾਲਕ ਸਿੰਘ ਜੀ ਤਕ ਪੁੱਜੀ ਸੀ, ਪਰ ਉਸ ਬ੍ਰਹਮਜੋਤੀ ਦੇ ਪੂਰਨ ਪ੍ਰਗਟ ਪ੍ਰਕਾਸ਼ ਹੋਣ ਤੋਂ ੧੫ ਸਾਲ ਆਪ ਨੂੰ ਨਾਮ ਸਿਮਰਨ ਦੀ ਤਪੱਸਿਆ ਕਰਨੀ ਪਈ। ਆਪ ਕੁੱਕੜ ਦੀ ਪਹਿਲੀ ਬਾਂਗ

Sri Satguru Jagjit Singh Ji Elibrary NamdhariElibrary@gmail.com

ਤੋਂ ਹੀ ਜਾਗ ਕੇ ਇਸ਼ਨਾਨ ਕਰਦੇ ਤੇ ਨਾਮ ਦਾ, 'ਜਪੁ-ਜਾਪ' ਕਰਦੇ ਰਹੇ। ਜਦੋਂ ਪ੍ਰਗਟ ਹੋਣ ਦਾ ਸਮਾਂ ਆਇਆ ਤਦ ਪ੍ਰਗਟ ਹੋਏ। ਨਾਮ-ਸਿਮਰਨ ਕਰਦਿਆਂ ਹੋਇਆ ਇਹ ਅਵਸਥਾ ਪ੍ਰਾਪਤ ਕਰ ਲਈ —

ਹਰਿ ਹਰਿ ਜਨ ਕੈ ਮਾਲੁ ਖਜੀਨਾ ॥
ਹਰਿ ਧਨ ਜਨ ਕਉ ਆਪਿ ਪ੍ਰਭਿ ਦੀਨਾ।
ਹਰਿ ਹਰਿ ਜਨ ਕੈ ਓਟ ਸਤਾਣੀ ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ
ਓਤਿ ਪੋਤਿ ਜਨ ਹਰਿ ਰਸਿ ਰਾਤੇ
ਸੁੰਨ ਸਮਾਧਿ ਨਾਮ ਰਸ ਮਾਤੇ॥
ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀਂ ਛਪੈ ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
ਨਾਨਕ ਜਨ ਸੰਗਿ ਕੇਤੇ ਤਰੇ ॥ (ਸੁਖਮਨੀ)

ਉਪਰੋਕਤ ਤਿੰਨਾਂ ਮੰਤ੍ਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲ ਦਿਤੀ। ਕਿਉਂਕਿ ਕਿਸੇ ਮਨੁੱਖ ਦੀ ਕਮਜ਼ੋਰ ਹੋਈ ਆਤਮਕ ਤੇ ਸਰੀਰਕ ਸ਼ਕਤੀ ਵਾਸਤੇ ਨਾਮ-ਸਿਮਰਨ ਦਾ ਨੁਸਖ਼ਾ ਹੀ ਠੀਕ ਹੈ। ਉਸ ਵੇਲੇ ਹਾਲਾਤ ਐਸੇ ਪੈਦਾ ਹੋ ਗਏ ਸਨ ਕਿ ਧਰਮ-ਕਰਮ ਵਲੋਂ ਜਨਤਾ ਬੇਮੁਖ ਹੋ ਗਈ ਸੀ। ਕੁਝ ਨਿੱਜੀ ਗੱਦੀਆਂ ਨੇ ਗੁਰਮਤਿ ਵਿਰੁਧ ਪ੍ਰਚਾਰ ਕਰਾ ਕੇ 'ਆਪਣੇ ਆਪ ਦਾ ਪ੍ਰਚਾਰ ਕੀਤਾ ਸੀ ਤੇ ਉਹ ਆਪਣਾ ਪ੍ਰਚਾਰ ਕਰਾਉਣ ਵਾਲੇ ਸਾਰੇ ਫ਼ਰੰਗੀ ਸਰਕਾਰ ਦੇ ਵਫ਼ਾਦਾਰ ਬਣ ਗਏ ਸਨ ਤੇ ਉਹਨਾਂ ਨੇ ਫਰੰਗੀ ਸਰਕਾਰ ਨੂੰ ਬਚਨ ਦਿਤਾ ਸੀ, "ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਅਤੇ ਉਹਨਾਂ ਦੀ ਬਾਣੀ ਦਾ ਪ੍ਰਚਾਰ ਹੁੰਦਾ ਰੋਕਾਂਗੇ। ਜੇ ਕੋਈ ਅਸਾਂ ਦੇ ਇਲਾਕੇ ਡੇਰੇ ਜਾਂ ਜਗੀਰ ਦੇ ਪਿੰਡ ਵਿਚ (ਫ਼ਰੰਗੀ) ਸਰਕਾਰ ਵਿਰੁਧ ਪ੍ਰਚਾਰ ਕਰੇਗਾ, ਉਸ ਨੂੰ ਰੋਕਾਂਗੇ ਤੇ ਵਡੇ ਦੋਸ਼ੀਆਂ ਨੂੰ ਸਰਕਾਰ ਦੇ ਹਵਾਲੇ ਕਰਾਂਗੇ। ਕਿਸੇ ਗੁਰਦੁਆਰੇ ਤੇ ਅਖਾੜੇ ਵਿਚ ਕੋਈ ਰਾਜਸੀ ਗੱਲ ਨਹੀਂ ਹੋਏਗੀ। ਸਭ ਨੂੰ ਪਰੇਰਨਾ ਕਰਾਂਗੇ ਕਿ ਫ਼ਾਰਸੀ ਤੇ ਉਰਦੂ ਬੱਚਿਆਂ ਨੂੰ ਪੜ੍ਹਾਈ ਜਾਏ। ਅੰਗਰੇਜ਼ੀ ਪੜ੍ਹਨ ਵਾਲੇ ਨੂੰ ਨੌਕਰੀ ਮਿਲੇਗੀ। ਜਨਤਾ ਅੰਦਰ ਭੰਗ, ਸੁਲਫ਼ਾ, ਸ਼ਰਾਬ ਅਤੇ ਅਫ਼ੀਮ ਦਾ ਪ੍ਰਚਾਰ ਕਰਾਂਗੇ ਤਾਂ ਕਿ ਜਵਾਨੀਆਂ ਬੁਢੇਪੇ ਵਿਚ ਤਬਦੀਲ ਹੋ ਜਾਣ।" ਇਸ ਬਚਨ ਦੇਣ ਦੇ ਹੌਂਸਲੇ ਹੀ ਮਸਾਂ ਅੱਠ ਜਾਂ ਦਸ ਅੰਗਰੇਜ਼ ਅਫ਼ਸਰ ਸਾਰੇ ਜ਼ਿਲੇ ਦਾ ਰਾਜ ਪ੍ਰਬੰਧ ਕਰਦੇ ਸਨ। ਜਨਤਾ ਨੂੰ ਮਹਾਰਾਜਾ ਦਲੀਪ ਸਿੰਘ, ਜਿੰਦਾਂ ਜਾਂ ਰਣਜੀਤ ਸਿੰਘ ਭੁਲਾਇਆ ਜਾਣ ਲਗਾ ਸੀ। "ਜਿਨ੍ਹਾਂ ਨੇ ਸਰ੍ਹੋਂ ਦੀਆਂ ਬੋਰੀਆਂ ਭੇਜੀਆਂ ਬਰੂਦ ਦੀ ਥਾਂ, ਸਾਰੀ ਖ਼ਾਲਸਾ ਫ਼ੌਜ ਮਰਵਾ ਦਿਤੀ।" ਇਹ ਦੋਸ਼ ਮਹਾਰਾਣੀ ਤੇ ਲਾਇਆ ਗਿਆ ਸੀ।

ਸਤਿਗੁਰੂ ਰਾਮ ਸਿੰਘ ਜੀ ਜਦੋਂ ਦਰਿਆ ਸਤਲੁਜ ਕਿਨਾਰੇ ਇਸ਼ਨਾਨ ਕਰਨ ਪਿਛੋਂ ਪਦਮਾਸਨ ਬਰਾਜ ਕੇ ਸ੍ਰੀ ਅਕਾਲ ਪੁਰਖ ਦਾ ਧਿਆਨ ਧਰ ਰਹੇ ਸਨ, ਤਦੋਂ (੧੮੫੫ ਦੀ ਜਨਵਰੀ ਫ਼ੀਰੋਜ਼ਪੁਰ ਕਿਲ੍ਹੇ ਵਿਚ ਕੰਮ ਕਰਨ ਸਮੇਂ) ਅਕਾਲ ਪੁਰਖ ਨੇ ਹੁਕਮ ਦਿਤਾ ਸੀ, "ਜਿਸ ਕਾਰਜ ਵਾਸਤੇ ਪੁਰਖਾ" ਤੈਨੂੰ ਭੇਜਿਆ ਗਿਆ ਹੈ ਸੋ ਕਰਨ ਦਾ ਵੇਲਾ ਹੋ ਗਿਆ..." ਇਸ ਹੁਕਮ ਦੇ ਨਾਲ ਹੀ ਅਨੰਦਪੁਰ ਤੇ ਸਤਲੁਜ ਕਿਨਾਰੇ ਕੀਤੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਾਰੀ ਲੀਲ੍ਹਾ ਨੇਤਰਾਂ ਅਗੋਂ ਦੀ ਲੰਘੀ ਸੀ। ਤੇ ਜਦੋਂ ਨੇਤਰ ਖੋਲ੍ਹੇ ਸਨ। ਸਮਾਧੀ ਫੁਟੀ ਸੀ ਤਾਂ ਇਹ ਬਚਨ ਸੁਤੇ-ਸਿਧ ਪਵਿਤ੍ਰ ਬੁੱਲ੍ਹਾਂ 'ਚੋਂ ਉਚਾਰੇ ਗਏ ਸਨ ਤੇ ਕੰਨਾਂ ਨੇ ਸਰਵਨ ਕੀਤਾ ਸੀ —

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥
ਯਹੀ ਕਾਜ ਧਰਾ ਹਮ ਜਨਮੰ ॥
ਸਮਝ ਲਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ।" (ਬਚਿਤ੍ਰ ਨਾਟਕ)

ਫ਼ੀਰੋਜ਼ਪੁਰ ਤੋਂ ਭੈਣੀ ਸਾਹਿਬ ਪੁੱਜਣ ਤੇ ਸਤਿਗੁਰੂ ਜੀ ਦੇ ਦੂਸਰੇ (ਅਵਤਾਰੀ-ਗੁਰੂ) ਜੀਵਨ ਦਾ ਪ੍ਰਾਰੰਭ ਹੋਇਆ। ਆਪ ਨੇ ਆਪਣੇ ਨਿੱਜੀ ਜੀਵਨ ਦੇ ਗੁਜ਼ਾਰੇ ਵਾਸਤੇ ਧਰਮ ਕਿਰਤ ਨਾ ਛਡੀ। ਦੁਕਾਨ ਦਾ ਕੰਮ ਸ਼ੁਰੂ ਰਖਿਆ ਤੇ ਨਾਲ ਹੀ ਸਤਿਸੰਗ ਕਰਨਾ ਸ਼ੁਰੂ ਕੀਤਾ। ਸਤਿਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਅਨੁਸਾਰ ਕਿਰਤ ਵੀ ਕਰਨੀ ਤੇ ਭਗਤੀ (ਧਰਮ) ਦਾ ਪ੍ਰਚਾਰ ਵੀ ਕਰਨਾ। ਥੋੜੇ ਸਮੇਂ (੧੮੫੬ ਈ:) ਵਿਚ ਆਪ ਦੇ ਕਈ ਫੌਜੀ ਮਿੱਤਰ ਆਤਮਕ ਸ਼ਾਂਤੀ ਪ੍ਰਾਪਤ ਕਰਨ ਵਾਸਤੇ ਆ ਪੁਜੇ। ਨੇੜੇ ਦੇ ਪਿੰਡਾਂ ਵਿਚ ਚਰਚਾ ਹੋ ਗਈ। ਇਸਤ੍ਰੀ-ਪੁਰਖ ਦਰਸ਼ਨ ਕਰਨ ਆਉਣ ਲਗੇ। ਦਰਸ਼ਨ ਕਰਨ ਆਏ ਸ਼ਰਧਾਲੂਆਂ ਤੇ ਜਗਿਆਸੂਆਂ ਵਾਸਤੇ ਗੁਰੂ ਕਾ ਲੰਗਰ ਤਿਆਰ ਹੋਣ ਲਗ ਪਿਆ। "ਦੇਗ,

Sri Satguru Jagjit Singh Ji Elibrary NamdhariElibrary@gmail.com

ਤੇਗ, ਫ਼ਤਹ" ਦੇ ਸਿਧਾਂਤ ਅਨੁਸਾਰ ਸਤਿਸੰਗ ਕਾਇਮ ਹੋ ਗਿਆ ਤੇ ਸਤਿਗੁਰੂ ਜੀ ਉਪਦੇਸ਼ ਕਰਨ ਲਗੇ। ਆਪ ਨੇ ਗੁਰਮਤਿ ਬੀਜ ਮੰਤ੍ਰ ਤੋਂ ਬਿਨਾਂ ਸਰੀਰਕ ਸਮਾਜਕ ਤੇ ਰਾਜਨੀਤਕ ਜੀਵਨ ਸੁਧਾਰ ਤੇ ਜਾਗਰਤੀ ਵਾਸਤੇ ਮਾਨਵਤਾ ਨੂੰ ਸੱਚ ਦੇ ਕੁਝ ਜੀਵਨ ਬੀਜ ਮੰਤ੍ਰ ਬਖਸ਼ੇ। ਤਾਂ ਕਿ ਉਹਨਾਂ ਮੰਤ੍ਰਾਂ ਨੂੰ ਮਨ ਲਗਾ ਕੇ, ਅਮਲ ਕਰਕੇ, ਉਸੇ ਤਰ੍ਹਾਂ ਗਏ ਸ਼ਕਤੀ ਪ੍ਰਾਪਤ ਕਰੇ, ਜਿਵੇਂ ਭੂਤਕਾਲ ਵਿਚ ਜੋਗੀ ਤੇ ਰਿਸ਼ੀ ਲੋਕ ਰਿਧੀਆਂ ਸਿਧੀਆਂ ਜਾਂ ਕੋਈ ਵਿਸ਼ੇਸ਼ ਸ਼ਕਤੀ ਪ੍ਰਾਪਤ ਕਰਦੇ ਸਨ। ਬੀਜ ਦਾ ਅਰਥ ਹੈ, ਮੂਲ ਜੀਵਨ ਬੀਜ-ਮੰਤ੍ਰ ਤੋਂ ਭਾਵ ਹੈ ਕਿ ਜੀਵਨ ਦੇ ਸਤਿਆਵਾਦੀ ਮੂਲ ਸਿਧਾਂਤ। ਉਹਨਾਂ ਦੇ ਅਪਨਾਉਣ ਨਾਲ ਜੀਵਨ ਵਿਚ ਕਰਾਂਤੀ ਦਾ ਵਲਵਲਾ ਜਾਗ ਉਠਦਾ ਹੈ।

ਭੁਲੇਖੇ ਜਾਂ ਜਾਣ ਬੁਝ ਕੇ ਕੀਤੇ ਪਾਪ ਦੇ ਕਾਰਨ ਗੋਤਮ ਰਿਸ਼ੀ ਦੀ ਪਤਨੀ ਅਹਿੱਲਿਆ ਨੂੰ ਸਿਲ-ਪੱਥਰ ਹੋ ਜਾਣ ਤੇ ਭਗਵਾਨ ਰਾਮ ਜੀ ਦੀ ਜਿਵੇਂ ਉਡੀਕ ਕਰਨੀ ਪਈ ਸੀ ਤੇ ਰਾਮ-ਚਰਨ ਛੋਹ ਨਾਲ ਕਲਿਆਨ ਪ੍ਰਾਪਤ ਕਰ ਗਈ ਸੀ ਤਿਵੇਂ ਜੀਉਂਦੀ ਸਿਲ ਪੱਥਰ ਹੋ ਰਹੀ ਪੰਜਾਬ ਦੀ ਜਨਤਾ ਨੂੰ ਭਗਵਾਨ ਰਾਮ ਜੀ ਦੀ ਲੋੜ ਸੀ, ਸੋ ਸਤਿਗੁਰੂ ਰਾਮ ਸਿੰਘ ਜੀ ਆਏ। ਜਿਨ੍ਹਾਂ ਦੀ ਚਰਨ ਛੋਹ ਨਾਲ ਸਿਲ-ਪੱਥਰ ਹੋ ਰਹੀ ਜਨਤਾ ਜੀਵਤ ਰਹੀ ..ਸੱਚ ਤੇ ਹੱਕ ਦਾ ਨਾਹਰਾ ਲਾ ਕੇ ਉਛਲੀ ਕੁੱਦੀ ਤੇ ਵੈਰੀ ਦਿਲ ਨੂੰ ਕੰਬਾਉਣ ਲਗੀ। ਸਭ ਸ਼ਕਤੀ ਆਈ ਬੀਜ ਮੰਤ੍ਰਾਂ ਦੇ ਮਨ ਵਸਾਉਣ ਅਤੇ ਹੁਕਮ ਮੰਨਣ ਵਾਲਾ ਇਕ ਇਕ ਜੀਵਨ ਬੀਜ ਮੰਤ੍ਰ ਦਾ ਭਾਵ ਅਰਥ ਵਿਆਖਿਆ ਨਾਲ ਇਉਂ ਹੈ —

(੧) ਸਰੀਰਕ ਪਵਿਤ੍ਰਤਾ (ਇਸ਼ਨਾਨ)

ਭਰੀਐ ਹੱਥ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥ (ਜਪੁਜੀ)

ਇਸ਼ਨਾਨ ਆਮ ਦਾ ਭਾਵ ਹੈ ਕਿ ਨਹਾਉਣਾ, ਤਨ ਨੂੰ ਮਿੱਟੀ, ਘਟੇ ਮੁੜ੍ਹਕੇ ਆਦਿਕ ਤੋਂ ਨਿਰਮਲ ਰਖਣਾ। ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਤੁਕਾਂ ਵਿਚ ਇਸ਼ਾਰਾ ਕੀਤਾ ਹੈ। ਜਲ ਨਾਲ ਇਸ਼ਨਾਨ ਕਰਨ ਨਾਲ ਸਰੀਰ ਦਾ ਥਕੇਵਾਂ ਦੂਰ ਹੁੰਦਾ ਹੈ ਤੇ ਸਰੀਰ ਹੌਲਾ ਤੇ ਫੁਰਤੀਲਾ ਹੋ ਜਾਂਦਾ ਹੈ। ਐਸਾ ਇਸ਼ਨਾਨ ਵਿਸ਼ਵ ਦੀ ਸਾਰੀ ਮਾਨਵਤਾ, ਖੂਹ, ਦਰਿਆ, ਝੀਲ ਜਾਂ ਸਮੁੰਦਰ ਦੇ ਜਲ ਵਿਚ ਇਸ਼ਨਾਨ ਕਰਦੀ ਹੈ, ਪਸ਼ੂ-ਪੰਛੀ ਵੀ ਨਹਾਉਂਦੇ ਜਾਂ ਨੁਹਾਏ ਜਾਂਦੇ ਹਨ।

ਪਰ ਗੁਰਮਤਿ ਵਿਚ ਆਦਿ ਸਤਿਗੁਰੂ ਜੀ ਤੋਂ ਇਸ਼ਨਾਨ ਦੀ ਮਹਾਨਤਾ ਮੰਨੀ ਗਈ ਹੈ। ਉਸੇ ਮਹਾਨਤਾ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਉਜਾਗਰ ਕੀਤਾ। ਆਪ ਨੇ ਇਕ ਤਾਂ ਉਪਦੇਸ਼ ਦਿਤਾ, "ਕਰ ਇਸ਼ਨਾਨ ਸਿਮਰ ਪ੍ਰਭੁ ਆਪਣਾ ਤਨ ਮਨ ਭਏ ਅਰੋਗਾ॥" ਹਰ ਇਨਸਾਨ ਅੰਮ੍ਰਿਤ ਵੇਲੇ ਜਾਗੇ ਤੇ ਇਸ਼ਨਾਨ ਕਰਕੇ ਨਾਮ ਸਿਮਰਨ ਕਰੇ, ਬਾਣੀ ਦਾ ਪਾਠ ਕਰਨ ਦੇ ਨਾਲ ਧਰਮਸ਼ਾਲਾ ਵਿਚ ਜਾ ਕੇ ਸਤਿਸੰਗਤ ਵਿਚ ਬੈਠੇ ਕੀਰਤਨ ਕਰੇ ਤੇ ਸੁਣੇ, ਇਸ਼ਨਾਨ ਕੇਸੀ-ਇਸ਼ਨਾਨ ਕਰੇ, ਭਾਵ ਹਾੜ੍ਹ ਹੋਏ ਭਾਵੇਂ ਸਿਆਲ। ਇਸ ਦਾ ਅੰਤ੍ਰੀਵ ਭਾਵ ਬੁਧੀ ਨੂੰ ਸੁਚੇਤ ਰਖਣਾ। ਕਿਉਂਕਿ ਖ਼ਾਲਸਾ ਰਾਜ ਦੇ ਪਿਛੋਂ ਗ਼ੁਲਾਮੀ ਦੇ ਕਾਰਨ ਡਰ ਅਧੀਨ ਇਕ ਤਾਂ ਆਪ ਪਿੰਡਾਂ ਤੇ ਸ਼ਹਿਰਾਂ ਦੇ ਵਸਨੀਕਾਂ ਨੇ ਕੇਸਾਂ ਦੀ ਬੇਅਦਬੀ ਕੀਤੀ ਸੀ। ਜਿਵੇਂ ੧੮੭੧ ਤੇ ੧੮੮੧ ਦੀ ਮਰਦਮ ਸ਼ੁਮਾਰੀ ਪ੍ਰਗਟ ਕਰਦੀ ਹੈ ਕਿ ੪੮ ਹਜ਼ਾਰ ਰਹਿਤੀਏ ਸਿੱਖ ਸਨ ਤੇ ਆਮ ਸਿਖ ੧੭ ਲੱਖ ਜਦੋਂ ਕਿ ਖ਼ਾਲਸਾ ਰਾਜ-ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕੇਸ-ਦਾਹੜੀ ਵਾਲੇ ਇਕ ਕਰੋੜ ਸਨ। ਦੂਸਰਾ ਲੋਕ ਲੀੜੇ ਘਟ ਧੋਂਦੇ ਤੇ ਕੇਸੀ ਇਸ਼ਨਾਨ ਮਹੀਨੇ ਪੰਦਰੀਂ ਦਿਨੀਂ ਕਰਦੇ ਸਨ। ਜੂੰਆਂ ਪੈ ਜਾਂਦੀਆਂ ਤੇ ਸਰੀਰ ਆਲਸੀ ਤੇ ਭਾਰਾ ਹੋ ਜਾਂਦਾ। ਬਹੁਤੀ ਸਫ਼ਾਈ ਇਸ ਕਰਕੇ ਵੀ ਨਾ ਰਖਦੇ ਕਿ ਫ਼ਰੰਗੀ ਹਾਕਮ, ਉਹਨਾਂ ਦੇ ਚਾਟੜੇ ਤੰਗ ਕਰਨਗੇ ਕਿ ਨਹਾ-ਧੋ ਕੇ ਵਧੀਆ ਬਸਤਰ ਪਾਉਣ ਵਾਲਾ ਸਫੈਦਪੋਸ਼ ਹੋ ਗਿਆ। ਲੋਕ ਆਪਣੇ ਆਪ ਨੂੰ ਗਰੀਬੜਾ ਤੇ ਨਿਮਾਣਾ ਪ੍ਰਗਟ ਕਰਨ ਲਗ ਪਏ ਸਨ। ਧਰਤੀ ਦੀ ਨੀਵੀਂ ਸਤਾ ਤੋਂ ਜਿਥੋਂ ਸਤਿਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਗ਼ੁਲਾਮੀ ਤੋਂ ਉਪਰ ਚੁਕਿਆ ਸੀ, ਮੁੜ ਉਥੇ ਬੈਠੇ ਜਾ ਰਹੇ ਸਨ। ਫ਼ਰੰਗੀ ਹੁਕਮਰਾਨ ਨੇ ਜਿਸ ਵੀ ਦੇਸ਼ ਨੂੰ ਗ਼ੁਲਾਮ ਕੀਤਾ, ਉਸ ਦੇਸ ਦੀ ਜਨਤਾ ਨੂੰ ਆਲਸੀ, ਨਿਮਾਣੀ, ਗਲੀਂ'ਚ ਬਣਾਉਣ ਦਾ ਜਤਨ ਕੀਤਾ। ਭਾਰਤੀਆਂ ਨੂੰ ਨੀਵਾਂ ਕੀਤਾ ਤੇ ਤੁਖ਼ਲਸ ਦਿਤਾ "ਬਾਬੂ" ਭਾਵ ਬਦਬੂ ਵਾਲਾ ਭਾਰਤੀ, ਪਰ ਭਾਰਤੀਆਂ ਨੇ ਆਦਰ ਨਾਲ ਸ਼ਬਦ ਨੂੰ ਅਪਨਾ ਲਿਆ। ਜਿਵੇਂ ਮੁਗ਼ਲਾਂ ਸਮੇਂ ਭਾਰਤੀ ਗ਼ੁਲਾਮਾਂ ਨੂੰ 'ਲਾਲਾ...ਲਾਲੇ'

Sri Satguru Jagjit Singh Ji Elibrary NamdhariElibrary@gmail.com

ਆਖ ਕੇ ਬੁਲਾਉਣ ਲਗੇ — ਜਿਸ ਦਾ ਭਾਵ ਹੁੰਦਾ ਹੈ ਗ਼ੁਲਾਮ !"

ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲਾ ਜੀਵਨ ਬੀਜ ਮੰਤ੍ਰ ਬਖਸ਼ਿਆ ਕਿ ਇਸ਼ਨਾਨ ਕਰਨਾ, ਉੱਜਲ ਬਸਤਰ ਪਹਿਨਣੇ ਚਿੱਟੇ। ਕਿਉਂਕਿ ਰੰਗਦਾਰ ਵਿਚ ਮੈਲ ਲੁਕ ਜਾਂਦੀ ਹੈ। ਲੀੜੇ ਵੀ ਸਰਕਾਰੀ ਘੁਟਵਾਂ ਪਜਾਮਾਂ ਅਤੇ ਚੋਗਾ-ਕੁੜਤਾ ਚਿੱਟੀ ਦਸਤਾਰ, ਜਿਹੜਾ ਲਿਬਾਸ ਉਸ ਵੇਲੇ ਸਰਦਾਰਾਂ ਜਾਂ ਰਾਜਿਆਂ ਦਾ ਸੀ।

ਇਸ਼ਨਾਨ ਦੇ ਦੂਸਰਾ ਅਰਥ ਹੈ ਕਾਰ-ਵਿਹਾਰ ਸੱਚ ਦੀਆਂ ਲੀਹਾਂ ਤੇ ਕਰਨਾ। ਝੂਠ ਨਹੀਂ ਬੋਲਣਾ, ਧੋਖਾ ਨਹੀਂ ਕਰਨਾ, ਕਿਸੇ ਦੀ ਧੀ ਭੈਣ ਵਲ ਮੈਲੀ ਅੱਖ ਨਾਲ ਨਹੀਂ ਵੇਖਣਾ। ਸੰਤ-ਖ਼ਾਲਸਾ ਬਣਨਾ। ਭਾਵ ਤਨ, ਮਨ ਤੇ ਲਿਬਾਸ (ਬਸਤਰ) ਉੱਜਲਾ ਹੋਏ। ਹਰ ਕੋਈ ਸਤਿਕਾਰ ਕਰੇ। ਹਰ ਸੰਤ-ਖਾਲਸਾ (ਨਾਮਧਾਰੀ) ਹਰ ਇਕ ਨੂੰ ਚੰਗਾ ਲਗੇ। ਪੰਚਾਇਤ ਤੇ ਸੰਗਤ ਵਿਚ ਸੋਭਾ ਪਾਏ। ਇਸ ਜੀਵਨ-ਬੀਜ ਮੰਤ੍ਰ ਨੂੰ ਚੰਗੀ ਤਰ੍ਹਾਂ ਵਿਰਸਾ ਕਰਵਾਇਆ ਨਾਮ ਸਿਮਰਨ ਤੇ ਇਸ਼ਨਾਨ ਨੂੰ ਇਕ ਅਟੁੱਟ ਸਾਂਝ ਜਾਂ ਨਿਤ-ਨੇਮ ਕਰਮ ਦਸਿਆ। ਦਸਿਆ ਹੀ ਨਹੀਂ ਸਗੋਂ ਆਪਣਾ ਜੀਵਨ ਨਮੂਨੇ ਦਾ ਬਣਾ ਕੇ ਪਰੇਰਨਾ ਬਖ਼ਸ਼ੀ।

ਜਦੋਂ ਤਨ ਤੇ ਬਸਤਰ ਉਜਲ ਹੋਣ ਤਾਂ ਰਹਿਣ ਦੀ ਥਾਂ ਘਰ ਤੇ ਘਰ ਦੇ ਬਸਤਰ ਵੀ ਕੁਦਰਤੀ ਉਜਲ (ਸਾਫ਼ ਸੁਥਰੇ) ਰਖਣੇ ਪੈਂਦੇ ਹਨ। ਸੋਚ ਤੇ ਸੁਰਤ ਵੀ ਆਪੇ ਉਤਮ ਹੋ ਜਾਂਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਇਹ ਜੀਵਨ ਬੀਜ ਮੰਤ੍ਰ ਕੋਈ ਪੰਜਾਬ ਦੇ ਵਸਨੀਕਾਂ ਅਥਵਾ ਸਿੱਖਾਂ-ਹਿੰਦੂਆਂ ਵਾਸਤੇ ਨਹੀਂ ਬਖ਼ਸ਼ਿਆ ਸਗੋਂ ਵਿਸ਼ਵ ਦੀ ਮਾਨਵਤਾ ਵਾਸਤੇ ਹੈ। ਅਜ ਤਨ, ਕਪੜੇ ਤੇ ਮਨ ਬੁਧੀ ਦੀ ਨਿਰਮਲਤਾ ਉਤੇ ਜ਼ੋਰ ਦਿਤਾ ਜਾ ਰਿਹਾ ਹੈ। ਆਪ ਦੇ ਸਮੇਂ ਮੁਸਲਮਾਨ ਫ਼ਕੀਰ ਤੇ ਹਿੰਦੂ ਸਾਧੂ ਨਿਰਮਲਤਾ ਗਵਾ ਬੈਠੇ ਸੀ। ਅਮਲਾਂ ਦੀ ਵਰਤੋਂ ਕਰਦੇ ਹੋਏ ਮੈਲ ਤੇ ਜੂੰਆਂ ਭਰੇ ਰਹਿੰਦੇ। ਉਹੋ ਜਿਹੇ ਉਹਨਾਂ ਦੇ ਸੇਵਕ ਬਣਦੇ। ਸੰਤ-ਮਤ ਵਿਚ ਨਿਰਮਲਤਾ ਦੀ ਨਵੀਂ ਲਹਿਰ ਤੋਰੀ।

ਸਤਿਗੁਰੂ ਰਾਮ ਸਿੰਘ ਜੀ ਨੇ ਇਸ਼ਨਾਨ ਦੇ ਪੂਰੇ ਅਰਥ ਕਰਦਿਆਂ ਇਹ ਵੀ ਬਚਨ ਕੀਤਾ, "ਜੋ ਮਨੁੱਖ ਅਫ਼ੀਮ, ਚਰਸ ਤਮਾਕੂ, ਭੰਗ ਤੇ ਸ਼ਰਾਬ ਦੀ ਵਰਤੋਂ ਕਰਦਾ ਹੈ। ਉਹ ਨਿਰਮਲ ਨਹੀਂ ਰਹਿ ਸਕਦਾ। ਉਸ ਕੋਲੋਂ ਬਦਬੂ ਆਉਂਦੀ ਰਹੇਗੀ।" ਸਾਰੇ ਅਮਲਾਂ ਤੇ ਨਸ਼ਿਆਂ ਤੋਂ ਰੋਕਿਆ। ਦੁੱਧ-ਘਿਉ ਚੰਗਾ ਅੰਨ, ਫਲ ਆਦਿਕ ਖਾਣ ਦੀ ਪਰੇਰਨਾ ਕੀਤੀ।

੨ ਦਾਨ

ਦਾਨ ਦਾ ਮੂਲ ਅਰਥ-ਭਾਵ ਅਥਵਾ ਬੀਜ-ਉਤਮ ਤੇ ਮਾਨਵ ਜੀਵਨ ਦਾ ਵਡਾ ਉਦੇਸ਼ਕ ਅੰਗ ਹੈ। ਸਮਾਜਿਕ ਪੰਡਤਾਂ ਨੇ ਇਸ ਦੇ ਅਰਥ ਕੀਤੇ ਹਨ ਕਿ ੮੪ ਲੱਖ ਜੀਵ ਨਿਰੇ ਆਪਣੇ ਵਾਸਤੇ ਨਹੀਂ ਜੀਉਂਦੇ ਸਗੋਂ ਦੂਸਰਿਆਂ ਵਾਸਤੇ ਜੀਊਂਦੇ ਹਨ। ਜਿਵੇਂ ਮੁਹਾਵਰਾ ਹੈ ਵਡੀਆਂ ਮੱਛੀਆ ਨਿੱਕੀਆਂ ਮੱਛੀਆਂ ਨੂੰ ਖਾ ਜਾਂਦੀਆਂ ਹਨ। ਮਨੁੱਖਾ ਜੀਵਨ ਵਿਚ ਦਾਨ ਦੀ ਪ੍ਰਧਾਨਤਾ ਹੈ, ਬਚਪਨ ਤੋਂ ਅੰਤਲੇ ਦਿਨ ਤਕ ਮਨੁੱਖ ਪਰਵਾਰ ਵਾਸਤੇ ਜੀਊਂਦਾ ਹੈ।

ਦਾਨ ਆਮ ਤੌਰ ਤੇ ਚਾਰ ਪ੍ਰਕਾਰ ਦਾ ਹੈ, ਤਨ, ਮਨ, ਧਨ ਅਤੇ ਬਚਨ ਦਾ ਦਾਨ। ਤਨ ਦਾ ਦਾਨ ਹੈ, ਸਰੀਰਕ ਬਲ ਨਾਲ ਪਰਵਾਰ, ਸਮਾਜ ਅਤੇ ਸੁਤੰਤਰ ਚੰਗੇ ਰਾਜ ਦੀ ਸੇਵਾ ਕਰਨੀ। ਲੋੜ ਪੈਣ ਤੇ ਸੱਚ ਤੇ ਹੱਕ ਵਾਸਤੇ ਸ਼ਹੀਦ ਹੋਣਾ। ਗੁਰੂ ਘਰ ਵਿਚ ਲੰਗਰ, ਸਫ਼ਾਈ ਅਤੇ ਸੰਗਤਾਂ ਦੇ ਸੁਖ ਵਾਸਤੇ ਹੌਲਾ ਭਾਰਾ ਕੰਮ ਕਰਨਾ। ਇਹ ਦਾਨ ਮਹਾਂ ਕਠਨ ਹੈ। ਜੋ ਕਰਦੇ ਹਨ, ਉਹ ਜ਼ਿੰਦਾ ਸ਼ਹੀਦ ਹੁੰਦੇ ਹਨ।

ਮਨ ਦਾਨ — ਮਨ ਨੂੰ ਪੰਜਾਂ ਵਕਾਰਾਂ ਵਲੋਂ ਰੋਕ ਕੇ ਨਾਮ-ਸਿਮਰਨ, ਲੋਕ ਭਲੇ ਵਾਸਤੇ ਅਰਦਾਸ ਕਰਨ ਵਲ ਲਾਉਣਾ, ਨਿੰਦਾ, ਚੁਗ਼ਲੀ, ਚੋਰੀ, ਯਾਰੀ ਵਲੋਂ ਰੋਕਣਾ ਤੇ ਨਿਰਵੈਰ ਤੇ ਨਿਰਭਉ ਰਖਣਾ। ਨਿਰਮਾਣਤਾ ਕਾਇਮ ਰਖਣ ਦਾ ਅਭਿਆਸ ਕਰਨਾ ਤੇ ਕਿਸੇ ਦੇ ਗੁੱਸੇ ਵਿਚ ਆਉਣ ਤੇ ਵੀ ਆਪ ਸ਼ਾਂਤ ਰਹਿਣਾ, ਸਾਕਤ ਦਾ ਸੰਗ ਛਡ ਕੇ ਸਾਧ ਦੀ ਸੰਗਤ ਕਰਨਾ।

ਧਨ ਦਾਨ — ਧਰਮ-ਕਿਰਤ ਨਾਲ ਕਮਾਏ ਧਨ ਵਿਚੋਂ ਕੁਝ ਨਾ ਕੁਝ ਭਾਗ ਜਾਂ ਦਸਵੰਧ ਧਰਮ ਕਾਰਜਾਂ, ਗਰੀਬ, ਲੋਕ ਭਲੇ ਵਾਸਤੇ ਵਖਰਾ ਰਖਣਾ ਇਹ ਦਾਨ ਕਰਨਾ ਵੀ ਭਾਵੇਂ ਕੱਠਣ ਹੈ, ਕਿਉਂਕਿ ਮਾਇਆ ਨੂੰ ਹੱਥੋਂ ਛੱਡਣਾ ਕਠਨ ਹੈ, ਫਿਰ ਵੀ ਧਨ ਨਾਲ ਦਾਨ ਆਮ ਕਰਦੇ ਹਨ, ਭਾਵੇਂ ਲੋੜ ਬਦਲੇ ਹੀ ਕਰਦੇ ਹੋਣ।

ਬਚਨ ਦਾਨ — ਤੋਂ ਭਾਵ ਹੈ ਕਿਸੇ ਗੁਰੂ-ਪੀਰ, ਦੇਵਤਾ, ਕੌਮ ਜਾਂ ਮਨੁੱਖ ਨੂੰ ਬਚਨ ਦੇਣਾ ਤੇ ਪੂਰਾ ਕਰਨਾ। "ਜਾਨ

Sri Satguru Jagjit Singh Ji Elibrary NamdhariElibrary@gmail.com

ਜਾਏ, ਪਰ ਬਚਨ ਨਾ ਜਾਏ" । ਪ੍ਰਤਿਗਿਆ ਕਰਨਾ, ਜਿਵੇਂ ਅੰਮ੍ਰਿਤ ਛਕਣ ਸਮੇਂ ਬਚਨ ਦਿਤਾ ਜਾਂਦਾ ਹੈ, "ਪੰਜ ਕਕਾਰਾਂ ਦਾ ਧਾਰਨੀ ਰਹਾਂਗਾ, ਪੂਜਾ ਅਕਾਲ ਦੀ ਕਰਾਂਗਾ" ਆਦਿਕ। ਕਿਸੇ ਉਤਮ ਕਰਮ ਅਥਵਾ ਮਾਨਵ ਭਲਾਈ ਵਾਸਤੇ ਅਰਦਾਸ ਕਰਕੇ ਜਾਣਾ। ਤਨ, ਅਤੇ ਧਨ ਕੁਰਬਾਨ ਕਰ ਦੇਣਾ, ਪਰ ਲਾਲਚ ਤੇ ਡਰ ਕਾਰਨ ਵਾਪਸ ਨਾ ਮੁੜਨਾ। ਏਸੇ ਦਾ ਦੂਸਰਾ ਸ਼ਬਦ ਹੈ, ਸੌਂਹ ਚੁਕਣੀ। ਜਿਵੇਂ ਲੋਕ ਸਭਾ, ਵਿਧਾਨ ਸਭਾ, ਅਦਾਲਤਾਂ ਦੇ ਜੱਜਾਂ ਨੂੰ ਸੌਂਹ ਚੁਕਵਾਈ ਜਾਂਦੀ ਹੈ।

ਉਪਰੋਕਤ ਚਾਰੇ ਪ੍ਰਕਾਰ ਦੇ ਦਾਨ-ਗੁਰਸਿਖਾਂ ਵਿਚ ੧੭੭੬ ਈ: ਦੇ ਪਿਛੋਂ ਦਿਖਾਵੇ ਤੇ ਲਾਲਚ ਦਾ ਰੂਪ ਧਾਰਨ ਕਰ ਗਏ ਸਨ। ਸਿਰਫ਼ ਟਾਂਵੇਂ ਟਾਂਵੇਂ ਗੁਰਸਿਖ ਸਨ, ਜਿਹੜੇ ਦਾਨ ਦੀ ਮਹੱਤਤਾ ਨੂੰ ਸਮਝਦੇ ਤੇ ਅਮਲ ਕਰਦੇ ਸਨ, ਪਰ ਈਸਾਈ, ਇਸਲਾਮ ਤੇ ਹਿੰਦੂ ਸਮਾਜ ਵਿਚ ਧਨ ਦਾਨ ਦੀ ਪ੍ਰਧਾਨਤਾ ਰਹਿ ਗਈ ਸੀ। ਮਨ ਦੀ ਸ਼ਾਂਤੀ ਗਵਾਚ ਗਈ ਸੀ ਤੇ 'ਬਚਨ ਦਾਨ' ਝੂਠ ਦਾ ਰੂਪ ਧਾਰਨ ਕਰ ਗਿਆ ਸੀ। ਮਾਇਆ ਤੇ ਮਾਇਆਵਾਦੀ ਪਦਾਰਥਾਂ ਤੇ ਗੁਣਾਂ ਵਲ ਲੋਕ ਤੁਰ ਪਏ ਸਨ। ਮਨ ਕਮਜ਼ੋਰ ਹੋ ਗਏ ਸੀ। ਵਿਸ਼ੇ-ਵਿਕਾਰਾਂ ਦਾ ਹੜ੍ਹ ਆ ਗਿਆ ਸੀ। ਧੋਖਾ ਲੋਕ ਕਰਨ ਲਗ ਪਏ ਸੀ, ਆਪਣੇ ਆਪ, ਭਰਾਵਾਂ, ਮਤਾਂ, ਸਮਾਜ ਅਤੇ ਰਾਜ ਨਾਲ ਧੋਖਾ ਕਰਨ ਵਿਚ ਸ਼ਾਨ ਤੇ ਅਕਲ ਦੀ ਉਚਤਾ ਸਮਝੀ ਜਾਂਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਧਿਆਨ ਧਰ ਕੇ ਪੰਜਾਬ ਦੀ ਲੋਕਾਈ ਵਲ ਦੇਖਿਆ ਤਾਂ ਗੁਰਦੁਆਰਿਆਂ ਤੇ ਅਖਾੜਿਆਂ ਦੇ ਮਹੰਤ, ਗੁਰੂ-ਸੰਤਾਨ ਸੋਢੀ, ਬੇਦੀ ਤੇ ਰਾਮ ਰਾਈਏ ਆਦਿਕ 'ਗੁਰੂ ਬਣ ਕੇ' ਮੱਥੇ ਟਿਕਾਉਂਦੇ ਤੇ ਸ਼ਰਧਾਲੂਆਂ ਨੂੰ ਕਈ ਤਰ੍ਹਾਂ ਦੇ ਵਹਿਮ ਪਾ ਕੇ ਧਨ ਦਾਨ ਲੈਂਦੇ ਸਨ ਤੇ ਉਸ ਧਨ ਦੀ ਅਯੋਗ ਵਰਤੋਂ ਕਰਨ ਲਗ ਪਏ ਸਨ। ਦਾਨ ਇਕ ਰੋਗ ਬਣਨ ਲਗ ਪਿਆ ਸੀ। ਤਨ ਦਾਨ—ਦੇਸ਼, ਧਰਮ, ਲੋਕ ਭਲਾਈ ਤੇ ਸੱਚ-ਹੱਕ ਦੇ ਬਦਲੇ ਕੋਈ ਆਪਾ ਵਾਰਨ ਨੂੰ ਤਿਆਰ ਨਹੀਂ ਸੀ ਰਿਹਾ, 'ਮੌਤ ਦਾ ਡਰ' ਡਰਾਉਂਦਾ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਬ੍ਰਹਮ ਬਲ ਨਾਲ ਪਹਿਲਾਂ ਆਪਣੇ ਨਿਕਟ ਵਰਤੀ ਸ਼ਰਧਾਲੂਆਂ ਨੂੰ 'ਦਾਨ' ਦੇ ਸਹੀ ਅਰਥ ਤੇ ਰੂਪ ਸਮਝਾਏ। ਇਕ ਮੰਤ੍ਰ ਵਾਂਗ ਕੰਠ ਕਰਾਏ ਤੇ ਮੁੜ ਉਹਨਾਂ ਦੀ ਵਰਤੋਂ ਕਰਨੀ ਦਸੀ। ਜਿਹੜਾ ਵੀ ਸਤਿਗੁਰੂ ਜੀ ਦੀ ਸੰਗਤ ਵਿਚ ਸ਼ਾਮਲ ਹੋਇਆ ਉਸ ਨੇ ਤਨ, ਮਨ ਧਨ ਤੇ ਬਚਨ, ਸਤਿਗੁਰੂ ਜੀ ਨੂੰ ਸੌਂਪ ਦਿਤਾ। "ਜੌ ਤਉ ਪਰੇਮ ਖੇਲਣ ਕਾ ਚਾਉ ॥ ਸਿਰ ਧਰ ਤਲੀ ਗਲੀ ਮੇਰੀ ਆਉ ॥" ਸੰਤ ਮਾਰਗ ਦਿਖਾਇਆ।

ਨਾਮ ਸਿਮਰਨ, ਇਸ਼ਨਾਨ ਤੇ ਦਾਨ ਤਿੰਨਾਂ ਗੁਣਾਂ ਨੂੰ ਜਿਨ੍ਹਾਂ ਨੇ ਅਪਣਾ ਲਿਆ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਨੇੜੇ ਹੋਏ। 'ਕੂਕਾ ਅਥਵਾ ਨਾਮਧਾਰੀ' ਸੰਗਤ ਦੇ ਮੈਂਬ੍ਰ ਬਣੇ। ਸਾਰੇ ਹੀ ਪ੍ਰਚਾਰਕ ਬਣ ਗਏ। ਦੂਰ ਦੂਰ ਤਕ ਖ਼ਬਰਾਂ ਪੁੱਜ ਗਈਆਂ ਕਿ ਨਗਰ ਭੈਣੀ ਵਿਚ ਅਨੰਦਪੁਰ ਵਾਂਗ ਸੱਚ ਦਾ ਪ੍ਰਕਾਸ਼ ਹੋਇਆ ਹੈ।

੫ ਨਾਰੀ ਸਤਿਕਾਰ

"ਜਦੋਂ ਕਦੀ ਅਸਾਂ ਨੇ ਕੋਈ ਪੈਗੰਬਰ ਭੇਜਿਆ,
ਤਾਂ ਉਸ ਦੀ ਕੌਮੀ ਜ਼ਬਾਨ ਵਿਚ ਤਾਂ ਕਿ
ਉਹ ਉਹਨਾਂ (ਲੋਕਾਂ) ਨੂੰ ਭਲੀ ਤਰ੍ਹਾਂ ਸਮਝਾ ਸਕੇ।"
(ਕੁਰਾਨ ਮਜੀਦ, ਸੂਰਤ ਇਬਰਾਹੀਮ
ਆਇਤ ੪)

ਮਹੀਨੇ ਅਗਸਤ ੫੭੦ ਈ: ਵਿਚ ਹਜ਼ਰਤ ਮੁਹੰਮਦ ਦਾ ਜਨਮ ਹੋਇਆ ਤੇ ੬੩੨ ਈ: ਵਿਚ ਆਪ ਨੇ ਪ੍ਰਲੋਕ ਗਮਨ ਕੀਤਾ। ਹੀਰਾ ਗੁਫ਼ਾ ਵਿਚ ਜਦੋਂ ਆਪ ਨੂੰ ਖ਼ੁਦਾ ਦੇ ਦੂਤ ਫ਼ਰਿਸਤੇ ਨੇ ਗਿਆਨ ਕਰਾਇਆ ਤਦੋਂ ਆਪ ਦੀ ਉਮਰ ੩੦ ਸਾਲ ਦੀ ਸੀ। ਸੁ ਕੁਰਾਨ ਮਜੀਦ ਦੇ ਅਕਾਸ਼ੋਂ ਉਤਰਨ ਅਥਵਾ ਰਚਨਾ ਹੋਣ ਦਾ ਸਮਾਂ ੬੦੦-ਈ: ਤੋਂ ੬੨੭-੩੦ ਦਾ ਹੈ। ਕੁਰਾਨ ਮਜੀਦ ਦਾ ਉਪਰੋਕਤ ਬਚਨ ਅਜ ਤੋਂ ੧੩੪੦ ਸਾਲ ਤੋਂ ਇਤਿਹਾਸਕ ਸਚਾਈ ਹੈ ਕਿ ਪ੍ਰਮਾਤਮਾ ਵਲੋਂ ਜੋ ਵੀ ਅਵਤਾਰ ਭੇਜਿਆ ਗਿਆ, ਉਸ ਦਾ ਜਨਮ ਉਸੇ ਕੌਮ ਵਿਚ ਹੋਇਆ, ਜਿਸ ਕੌਮ ਜਾਂ ਮਨੁੱਖਤਾ ਦੇ ਕੁਝ ਹਿੱਸੇ ਨੂੰ ਰਸਾਤਲ ਵਲ ਜਾਂਦਿਆਂ ਦੇਖਿਆ। ਉਸੇ ਕੌਮ ਦੀ ਜ਼ਬਾਨ ਵਿਚ ਬਿਆਨ ਕਰਨ ਦੀ ਬੋਲ-ਸ਼ਕਤੀ ਬਖ਼ਸ਼ੀ। ਇਹ ਇਕ ਅਟੱਲ ਸਚਾਈ ਹੈ।

ਵਿਸ਼ਵ-ਇਤਿਹਾਸ ਅਤੇ ਵਿਸ਼ਵ ਦੇ ਮਤ-ਮਤਾਂਤਰਾਂ ਦੇ ਇਤਿਹਾਸ ਨੂੰ ਪੜ੍ਹਿਆਂ ਨੂੰ ਏਹੋ ਸਿਧ ਹੁੰਦਾ ਹੈ। ਇਬਰਾਹੀਮ ਦੀ ਸੰਤਾਨ ਯਹੂਦੀ ਕੌਮ ਇਬਰਾਹੀਮ ਤੋਂ ਈਸਾ ਤਕ ਜਿੰਨੇ

Sri Satguru Jagjit Singh Ji Elibrary NamdhariElibrary@gmail.com

ਪੈਗੰਬਰ ਹੋਏ ਉਹਨਾਂ ਦੀ ਭਾਸ਼ਾ ਹੀਬਰੂ ਸੀ ਤੇ ਅੰਜੀਲ (ਬਾਈਬਲ) ਦੀਆਂ ਸਾਰੀਆਂ ਪੁਸਤਕਾਂ ਦਾ ਮੂਲ ਹੀਬਰੂ ਭਾਸ਼ਾ ਵਿਚ ਹੈ। ਮਹਾਤਮਾ ਬੁੱਧ ਦੀ ਮਾਂ-ਬੋਲੀ ਪਾਲੀ ਵਿਚ ਹੀ ਉਪਦੇਸ਼ ਕੀਤਾ। ਸਤਿਗੁਰੂ ਨਾਨਕ ਦੇਵ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ, ਉਹਨਾਂ ਨੇ ਪੰਜਾਬੀ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਧੁਰ ਕੀ ਬਾਣੀ ਹੈ ਤੇ ਸਾਰੇ ਪ੍ਰਾਣੀ ਮਾਤਰ ਵਾਸਤੇ ਗਿਆਨ-ਪ੍ਰਕਾਸ਼ ਹੈ।

ਸਤਿਗੁਰੂ ਰਾਮ ਸਿੰਘ ਜੀ ਨੂੰ ਪਿੰਡ ਭੈਣੀ ਵਿਚ ਪ੍ਰਗਟ ਹੋਣ ਦਾ ਹੁਕਮ ਹੋਇਆ। ਆਪ ਦੀ ਮਾਤ ਬੋਲੀ ਪੰਜਾਬੀ ਤੇ ਜੋਤਿ ਸਤਿਗੁਰੂ ਨਾਨਕ ਦੇਵ ਜੀ ਵਾਲੀ ਹੋਣ ਕਰਕੇ ਮਾਨਵ ਕਲਿਆਣ ਦੀ ਵੀਚਾਰ-ਧਾਰਾ ਅਤੇ ਬਾਣੀ ਗ੍ਰੰਥ ਸਾਹਿਬ ਦੀ ਪ੍ਰਵਾਨ ਹੋਈ। ਗੁਰਬਾਣੀ, ਗੁਰ-ਇਤਿਹਾਸ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਵੀਚਾਰ-ਧਾਰਾ ਦਾ ਮੂਲ ਅਥਵਾ ਬੀਜ ਰਚਨਾ ਮੰਨਿਆਂ ਤੇ ਉਪਦੇਸ਼ ਕਰਨਾ ਸ਼ੁਰੂ ਕੀਤਾ।

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸਤ੍ਰੀ ਜ਼ਾਤੀ ਅਥਵਾ ਨਾਰੀ ਨੂੰ ਧਾਰਮਕ ਅਤੇ ਸਮਾਜਕ ਸੰਗਤ ਵਿਚ ਸਮਾਨਤਾ ਬਖ਼ਸ਼ੀ, ਜਦੋਂ ਕਿ ਜੁਗਾਂ ਤੋਂ ਵੇਦ-ਪੁਰਾਣ ਮਤਾਂ, ਈਸਾਈ ਤੇ ਇਸਲਾਮ ਮਤਾ ਵਿਚ ਨਾਰੀ ਨੂੰ ਨੀਵਾਂ ਤੇ ਇਕ ਦਾਸੀ ਦਾ ਦਰਜਾ ਦਿਤਾ ਗਿਆ ਸੀ। ਹਰ ਕੋਈ ਨਾਰੀ ਇਕ ਕਮਜ਼ੋਰੀ, ਪਾਪਾਂ ਦਾ ਮੂਲ, ਇਕ ਗ਼ਲਤੀ ਅਤੇ ਅਛੂਤ ਕਰਾਰ ਦਿੰਦਾ ਰਿਹਾ। ਐਨੀ ਭੰਡੀ ਕਰਦਾ ਰਿਹਾ ਕਿ ਨਾਰੀ ਆਪਣੇ ਆਪ ਨੂੰ ਅਬਲਾ ਸਮਝਣ ਲਗ ਪਈ। ਸਤਿਗੁਰੂ ਨਾਨਕ ਦੇਵ ਜੀ ਨੇ ਉਚੀ ਲਲਕਾਰ ਵਿਚ ਬਚਨ ਕੀਤਾ —

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

*   *   *

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸੱਚਾ ਸੋਇ ॥
(ਆਸਾ ਦੀ ਵਾਰ)

ਭਾਵ ਕਿ ਜੋ ਨਾਰੀ ਰਾਜਿਆਂ, ਮਹਾਂ ਪੁਰਖਾਂ, ਸੂਰਮਿਆਂ, ਦਾਨੀਆਂ ਪੁਰਖਾਂ ਨੂੰ ਜਨਮ ਦਿੰਦੀ ਹੈ, ਉਸ ਨੂੰ ਮੰਦਾ ਕਿਉਂ ਆਖੋ, ਫਿਰ ਜਿਸ ਨੂੰ ਭੰਡ ਦੇ — ਬਦਨਾਮ ਕਰਦੇ ਹੋ ਉਹ ਤੁਸਾਂ ਦੀ ਮਾਂ ਹੈ। ਇਕ ਕਰਤਾਰ ਤੋਂ ਬਿਨਾਂ ਸਭ ਮਾਂ-ਪੇਟ ਤੋਂ ਜਨਮ ਲੈਂਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਕੁਝ ਸਾਲ ਪੰਜਾਬ ਵਿਚ ਮਾਸੂਮ ਕੁੜੀਆਂ ਨੂੰ ਮਾਰਨ ਦਾ ਰਵਾਜ ਪਰਚਲਤ ਹੋ ਗਿਆ ਸੀ। ਜਦੋਂ ਕਿਸੇ ਦੇ ਘਰ ਕੁੜੀ ਜੰਮਦੀ ਤਾਂ ਦਾਈ ਹੀ ਆਖਦੀ "ਪੱਥਰ" ਜੰਮਿਆ ਹੈ ਤੇ ਸਾਰੇ ਸੁਣ ਕੇ ਨਿਰਾਸ ਹੋ ਜਾਂਦੇ, ਵਡੇ ਵਡੇ ਸਰਦਾਰਾਂ ਦੇ ਪਹਿਲਾਂ ਜੰਮਦੀਆਂ ਕੁੜੀਆਂ ਮਾਰੀਆਂ ਜਾਂਦੀਆਂ ਤੇ ਮੁੜ ਆਮ ਲੋਕ ਮਾਰਨ ਲਗ ਪਏ। ਪੰਜਾਬ ਵਿਚ ਕੁੜੀਆਂ ਦੀ ਕਮੀ ਹੋ ਗਈ ਤੇ ਕਮੀ ਦੇ ਕਾਰਨ ਜਿਨ੍ਹਾਂ ਦੇ ਕੁੜੀਆਂ ਪਲ ਜਾਂਦੀਆਂ ਉਹ ਪੈਸੇ ਵੱਟਣ ਲਗ ਪਏ। 'ਕੰਨਿਆਂ ਦਾਨ' ਦਾ ਨਾਮ ਕੰਨਿਆਂ ਨੂੰ ਵੇਚਣਾ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਇਸ ਸਮਾਜਿਕ ਬੀਮਾਰੀ ਅਤੇ ਘੋਰ ਪਾਪ ਵਲ ਧਿਆਨ ਦਿਤਾ। ਉਹਨਾਂ ਨੇ ਸੰਗਤ ਨੂੰ ਕਰੜਾ ਹੁਕਮ ਦਿਤਾ ਕਿ ਨਾ ਕੋਈ ਕੰਨਿਆਂ ਨੂੰ ਮਾਰੇ ਅਤੇ ਨਾ ਹੀ ਕੰਨਿਆਂ ਦੀ ਸ਼ਾਦੀ ਸਮੇਂ ਪੈਸੇ ਲਵੇ, ਕੰਨਿਆਂ ਮਾਰਨ ਤੇ ਕੰਨਿਆਂ ਵੇਚਣ ਵਾਲਿਆਂ ਨੂੰ ਕਰੜੇ ਸ਼ਬਦਾਂ ਨਾਲ ਸੰਬੋਧਨ ਕੀਤਾ। ਆਪ ਦੇ ਹੁਕਮ ਦਾ ਲੋਕਾਂ ਤੇ ਚੰਗਾ ਅਸਰ ਪਿਆ। ਆਪ ਦੇ ਹੁਕਮਾਂ ਨੂੰ ਸੁਣ ਕੇ ਪੰਜਾਬ ਦੀ ਫ਼ਰੰਗੀ ਸਰਕਾਰ ਨੇ ਵੀ ਇਕ ਹੁਕਮ ਜਾਰੀ ਕਰ ਕੇ ਜੰਮਦੀਆਂ ਕੁੜੀਆਂ ਮਾਰਨ ਦੇ ਰਵਾਜ ਨੂੰ ਬੰਦ ਕਰਨ ਦਾ ਜਤਨ ਕੀਤਾ। ਲੋਕ ਕੁਝ ਰੱਬ ਤੋਂ ਡਰੇ ਤੇ ਕੁਝ ਸਰਕਾਰ ਤੋਂ।

ਸੰਨ ੧੭੭੦ ਈ: ਦੇ ਪਿਛੋਂ ਜਦੋਂ ਸਿੱਖ ਮਿਸਲਾਂ ਦਾ ਰਾਜ ਸ਼ੁਰੂ ਹੋਇਆ ਤਾਂ ਸਰਕਾਰੀ ਘਰਾਂ ਵਿਚ ਮੁੜ ਬ੍ਰਾਹਮਣ ਨੇ ਪੈਰ ਪਾਇਆ। ਉਸ ਨੇ ਆਪਣੀ ਲੁੱਟ-ਖਸੁਟ ਕਾਇਮ ਰਖਣ ਲਈ ਸਮਾਜਕ ਰਸਮਾਂ ਸਨਾਤਨੀ ਤੇ ਬ੍ਰਾਹਮਣੀ ਮਰਯਾਦਾ ਨਾਲ ਕਰਾਉਣੀਆਂ ਸ਼ੁਰੂ ਕਰ ਦਿਤੀਆਂ ਤੇ ਗੁਰਮਤਿ ਦੀ ਮਰਯਾਦਾ ਸਰਦਾਰਾਂ ਨੂੰ ਭੁਲਾ ਦਿਤੀ। ਹੌਲੀ ਹੌਲੀ ਆਮ ਲੋਕ ਵੀ ਬ੍ਰਾਹਮਣ (ਪਰੋਹਤ) ਦੇ ਅਧੀਨ ਹੋ ਗਏ ਤੇ ਮੰਗਣੀ-ਵਿਆਹ ਅਤੇ ਮਰਨ ਦੀ ਅੰਤਮ ਰਸਮ ਬੜੀ ਮਹਿੰਗੀ ਹੋ ਗਈ। ਸਤਿਗੁਰੂ ਜੀ ਨੇ ਇਸ ਪਾਸੇ ਧਿਆਨ ਦਿਤਾ। ਅਨੰਦ-ਵਿਆਹ ਦੀ ਸੌਖੀ, ਸਸਤੀ ਤੇ ਸਤਕਾਰੀ ਰਸਮ ਪ੍ਰਚਲਤ ਕੀਤੀ, ਇਹ ਰਸਮ ਦਾ ਅਰੰਭ ਖੋਟੇ ਪਿੰਡ ਵਿਚ ੧੮੬੩ ਵਿਚ ਕੀਤੀ ਤਾਂ ਬੜੀ ਵਿਰੋਧਤਾ ਹੋਈ। ਆਪ ਨੇ ਵਿਰੋਧਤਾ ਦੀ ਕੋਈ ਪਰਵਾਹ ਨਾ ਕੀਤੀ।

Sri Satguru Jagjit Singh Ji Elibrary NamdhariElibrary@gmail.com

ਜਿਹੜੀ ਅਜੇ ਤਕ ਵੀ ਪ੍ਰਚਲਤ ਹੈ ਤੇ ਹੈ ਵੀ ਸਸਤੀ ਤੇ ਸਤਕਿਾਰ ਯੋਗ।

ਸੰਨ ੧੯੫੭ ਵਿਚ ਜਦੋਂ ਪਹਿਲਾਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਤਾਂ ਇਸਤਰੀ-ਪੁਰਖਾਂ ਨੂੰ ਸਾਂਝਾ ਛਕਾਇਆ। ਆਪ ਦੇ ੨੨ ਸੂਬਿਆਂ ਵਿਚ ਬੀਬੀ ਹੁਕਮੀ, ਉਮਰ ੨੦ ਸਾਲ ਸਪੁਤਰੀ ਭਾਈ ਰਤਨ ਸਿੰਘ ਇਕ ਸੂਬਾ ਸੀ। ਜਿਸ ਨੇ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਜ਼ਿਲਿਆਂ ਵਿਚ ਸਤਿਗੁਰੂ ਜੀ ਦੇ ਸਿਧਾਂਤਾਂ ਨੂੰ ਪ੍ਰਚਾਰਿਆ...ਪੁਰਖਾਂ ਵਾਂਗ ਬੜੀ ਸੇਵਾ ਕੀਤੀ। ਉਹ ਨਿਰਭਉ ਬਹਾਦਰ ਸਿੰਘਣੀ ਸੀ।

ਭਾਵ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜਕ ਤੇ ਧਾਰਮਕ ਕਮਜ਼ੋਰੀ ਦੀ ਜੜ੍ਹ ਨੂੰ ਸੁਧਾਰਿਆ। ਨਾਰੀ ਨੂੰ ਸਮਾਨਤਾ ਦੇਣ ਦਾ ਇਹ ਫਲ ਹੋਇਆ ਕਿ ਨਾਮਧਾਰੀ ਮਾਂਵਾਂ ਨੇ ਬਚਪਨ ਵਿਚ ਹੀ ਆਪਣੇ ਬੱਚਿਆਂ ਨੂੰ ਸੰਤ-ਖ਼ਾਲਸਾ ਬਣਾਉਣਾ ਸ਼ੁਰੂ ਕੀਤਾ। ਕੁਰਬਾਨੀ ਤੇ ਸੇਵਾ ਵੇਲੇ ਨਾਰੀ ਨੇ ਪੁਰਖ ਦਾ ਪੂਰਾ ਸਾਥ ਦਿਤਾ। ਨਾਰੀ ਜਾਤੀ, ਤਰ ਇਹ ਆਪ ਦੀ ਬਖ਼ਸ਼ਿਸ਼ ਮਹਾਨ ਹੈ।

ਹੋਲਾ ਮਹੱਲਾ ਬੈਂਕੋਕ (ਥਾਈਲੈਂਡ)

੧੦, ੧੧, ਅਤੇ ੧੨ ਮਾਰਚ ੧੯੭੨

ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਇਕ ਉਚੇਚਾ ਸ਼ਤਾਬਦੀ ਸਮਾਰੋਹ ਬੈਂਕੋਕ ਵਿਖੇ ਹੋਣਾ ਨੀਯਤ ਕੀਤਾ ਗਿਆ ਹੈ — ਜਿਸ ਵਿਚ ਥਾਈਲੈਂਡ ਦੇ ਮੁਖੀ ਸੱਜਣ ਵੀ ਭਾਗ ਲੈਣਗੇ। ਇਹ ਸਮਾਗਮ ਸ਼ਤਾਬਦੀ ਸਿਲਸਿਲੇ ਵਿਚ ਭਾਰਤ ਤੋਂ ਬਾਹਰ ਵਿਦੇਸ਼ 'ਚ ਆਪਣੇ ਢੰਗ ਦਾ ਵਿਸ਼ੇਸ਼ਤਾ ਭਰਪੂਰ ਹੋਵੇਗਾ।

ਥਾਈਲੈਂਡ ਦੀ ਸਾਧ ਸੰਗਤ ਨੇ ਹੁਣ ਤੋਂ ਹੀ ਬੜੇ ਉਤਸ਼ਾਹ ਨਾਲ ਤਿਆਰੀ ਅਰੰਭ ਦਿਤੀ ਹੋਈ ਹੈ। ਭਾਰਤ ਵਿਚ ਰਹਿਣ ਵਾਲਿਆਂ ਨੂੰ ਇਹ ਜਾਣਕਾਰੀ ਦਿੰਦਿਆਂ ਅਸੀਂ ਖ਼ੁਸ਼ੀ ਅਨੁਭਵ ਕਰ ਰਹੇ ਹਾਂ ਕਿ ਭਾਰਤ ਤੋਂ ਜਾਣ ਵਾਲਿਆਂ ਲਈ ਦਿਲੀ ਤੋਂ ਹਵਾਈ ਜਹਾਜ਼ ਰਾਹੀਂ ਉਚੇਚਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਪ੍ਰਬੰਧਕਾਂ ਦੀ ਇਹ ਇੱਛਾ ਹੈ ਕਿ ਜਿਤਨੀ ਵਧ ਤੋਂ ਵਧ ਸੰਗਤ ਜਾਣਾ ਚਾਹੇ, ਉਹਨਾਂ ਲਈ ਯੋਗ ਪ੍ਰਬੰਧ ਕੀਤਾ ਜਾਵੇ। ਸੋ, ਜਿਹੜੇ ਸੱਜਣ ਜਾਣਾ ਚਾਹੁੰਦੇ ਹਨ ਉਹ ੧੫ ਨਵੰਬਰ ਤਕ ਹੇਠ ਲਿਖੇ ਪਤੇ ਤੇ ਆਪਣੇ ਅਤੇ ਸਾਥੀਆਂ ਸਮੇਤ ਨਾਂ ਪਤੇ ਤੇ ਪੰਜ ਸੋ ੫੦੦) ਰੁਪਏ ਪ੍ਰਤੀ ਸਵਾਰੀ ਅਡਵਾਂਸ ਦਾ ਬੈਂਕ ਡਰਾਫਟ ਸਤਿਗੁਰੂ ਰਾਮ ਸਿੰਘ ਸ਼ਤਾਬਦੀ ਸਮਿਤੀ ਦੇ ਨਾਂ ਡਾਕ ਰਾਹੀਂ ਭੇਜਣ ਤਾਂ ਜੋ ਪਾਸਪੋਰਟਾਂ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ। ਖ਼ਰਚ ਦਾ ਅੰਦਾਜ਼ਾ ਲਗਭਗ ਡੇਢ ਹਜ਼ਾਰ ਤਕ ਹੈ, ੧ ਨਵੰਬਰ ਤੋਂ ਪਿਛੋਂ ਪਹੁੰਚੇ ਨਾਂ ਲਿਸਟ ਵਿਚ ਨਹੀਂ ਦਰਜ ਹੋ ਸਕਣਗੇ। ਸੋ, ਛੇਤੀ ਹੀ ਸ਼ਤਾਬਦੀ ਸਮਿਤੀ ਦੇ ਦਫ਼ਤਰ ਵਿਚ ਚਿੱਠੀ ਪੱਤਰ ਕਰਕੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰੋ।

ਬਾਕੀ ਰਕਮ ਦੀ ਮੰਗ ਤੇ ਜਾਣਕਾਰੀ ਜਾਣ ਵਾਲਿਆਂ ਸਜਨਾਂ ਨਾਲ ਚਿੱਠੀਆਂ ਰਾਹੀਂ ਕੀਤੀ ਜਾਵੇਗੀ। ਬੈਂਕੋਕ ਜਾਣ ਵਾਲੇ ਸਜਨ ਛੇਤੀ ਮਿਲਵਰਤਨ ਦੇਣ।

ਸਕੱਤ੍ਰ
ਸਤਿਗੁਰੂ ਰਾਮ ਸਿੰਘ ਪ੍ਰਦੇਸ ਗਮਨ
ਸ਼ਤਾਬਦੀ ਸਮਿਤੀ,
੧੯੬੧, ਚਿਤਰ ਗੁਪਤ ਰੋਡ,
ਪਹਾੜਗੰਜ, ਨਵੀਂ ਦਿੱਲੀ-੫੫

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਸਤ੍ਰੀ ਜ਼ਾਤੀ ਨੂੰ ਦੇਣ

ਬੀਬੀ ਕੁਲਦੀਪ ਕੌਰ, ਕਾਦੀਆਂ

ਦੁਨੀਆਂ ਵਿਚ ਸਮੇਂ ਸਮੇਂ ਕਈ ਮਹਾਨ ਹਸਤੀਆਂ ਪ੍ਰਕਾਸ਼ਮਾਨ ਹੁੰਦੀਆਂ ਰਹੀਆਂ ਹਨ। ਜਿਨ੍ਹਾਂ ਨੇ ਸਮੇਂ ਦੇ ਜ਼ੁਲਮ ਦਾ ਟਾਕਰਾ ਕਰਕੇ ਜਨਤਾ ਦੀ ਭਲਾਈ ਕੀਤੀ ਤੇ ਮਾਰਗ-ਦਰਸ਼ਨ ਕੀਤਾ। ਇਹਨਾਂ ਮਹਾਨ ਹਸਤੀਆਂ ਦੀਆਂ ਜੀਵਨੀਆਂ ਪੜ੍ਹਿਆਂ ਸੁਣਿਆਂ ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਚੇਤੇ ਆਉਂਦੀਆਂ ਹਨ ਤੇ ਉਹਨਾਂ ਤੋਂ ਰੋਸ਼ਨੀ ਲੈ ਕੇ ਜੀਵਨ ਹੋਰ ਉਚੇਰਾ ਬਣਾਉਣ ਦੀ ਜੋ ਸਿਖਿਆ ਮਿਲਦੀ ਹੈ, ਉਹ ਹੋਰ ਕਿਤੋਂ ਨਹੀਂ ਮਿਲ ਸਕਦੀ।

ਅੰਗਰੇਜ਼ੀ ਦੇ ਇਕ ਉਘੇ ਕਵੀ "ਲਾਂਗਫੈਲੋ" ਨੇ ਕਿੰਨਾ ਸੋਹਣਾ ਲਿਖਿਆ ਹੈ —

"ਮਹਾਨ ਹਸਤੀਆਂ ਦੀਆਂ ਜੀਵਨੀਆਂ ਸਾਨੂੰ ਇਹ ਯਾਦ ਦਵਾਉਂਦੀਆਂ ਹਨ ਕਿ ਅਸੀਂ ਭੀ ਆਪਣਾ ਜੀਵਨ ਉਚੇਰਾ ਬਣਾ ਸਕਦੇ ਹਾਂ। ਇਹ ਮਹਾਨ ਹਸਤੀਆਂ ਇਸ ਸੰਸਾਰ ਤੋਂ ਵਿਦਾ ਹੋਣ ਲਗਿਆਂ ਸਮੇਂ ਦੀਆਂ ਰੇਤਾਂ ਉਤੇ ਆਪਣੇ ਪੈਰ ਚਿੱਤਰ ਪਿਛੇ ਛੱਡ ਜਾਂਦੀਆਂ ਹਨ ਤਾਂ ਜੋ ਜੀਵਨ ਰੂਪੀ ਇਸ ਗੰਭੀਰ ਸਾਗਰ ਦੀ ਛਾਤੀ ਤੇ ਚਲਣ ਵਾਲੇ ਇਕ ਤਬਾਹ ਹੋ ਚੁਕੇ ਜ਼ਹਾਜ਼ ਤੋਂ ਬਚਿਆ ਹੋਇਆ ਉਹਨਾਂ ਦਾ ਕੋਈ ਭੁੱਲਿਆ ਭਟਕਿਆ ਭਰਾ ਇਨ੍ਹਾਂ ਪੈਰ ਚਿੱਤਰਾਂ ਨੂੰ ਵੇਖ ਕੇ ਦੋਬਾਰਾ ਦਿਲ ਨੂੰ ਧਰਵਾਸ ਦੇ ਸਕੇ।

ਮਹਾਨ ਹਸਤੀਆਂ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਨੀਆਂ ਦੇ ਮਹਾਨ ਰੂਹਾਨੀ ਆਗੂਆਂ ਦੀ ਗੁਰ-ਗਦੀ ਤੇ ਬਿਰਾਜਮਾਨ ਹੋਏ। ਆਪ ਦੀ ਗਿਣਤੀ ਸੰਸਾਰ ਦੀਆਂ ਮਹਾਨ ਰੂਹਾਨੀ ਹਸਤੀਆਂ ਵਿਚ ਹੁੰਦੀ ਹੈ। ਆਪ ਦੀ ਆਤਮਕ ਸ਼ਕਤੀ ਆਪ ਦੇ ਕਰਮਯੋਗ (ਅਮਲੀ ਜੀਵਨ) ਤੇ ਬਲੀਦਾਨ ਸਦਕਾ ਮੂਰਤੀਮਾਨ ਹੋਈ। ਸਿੱਖ ਰਾਜ ਦੇ ਪਤਨ ਤੋਂ ਬਾਅਦ ਜਦੋਂ ਸਿੱਖਾਂ ਵਿਚ ਪੂਰੀ ਤਰ੍ਹਾਂ ਗਿਰਾਵਟ ਤੇ ਬਦ-ਇਖਲਾਕੀ ਆ ਚੁਕੀ ਸੀ ਤਾਂ ਉਸ ਸਮੇਂ ਇਸ ਬਾਰ੍ਹਵੀਂ ਅਮਰ ਜੋਤ ਨੇ ਸਿੱਖਾਂ ਵਿਚ ਮੁੜ ਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਲਾਸਾਨੀ ਸਪਿਰਟ ਭਰੀ। ਆਪ ਦਾ ਮਨੋਰਥ ਸਿੱਖਾਂ ਨੂੰ ਇਕ ਐਸੇ ਮਿਸ਼ਨ ਦੀ ਸਿੱਖਿਆ ਦੇਣੀ ਸੀ, ਜਿਸ ਨੂੰ ਅਮਲੀ ਜਾਮਾ ਦੇਣ ਲਈ ਸਾਡੇ ਪਹਿਲੇ ਸਾਰੇ ਗੁਰੂ ਇਸ ਸੰਸਾਰ ਵਿਚ ਆਏ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਸੁਧਾਰ ਕੀਤੇ ਤੇ ਕੁਰਬਾਨੀਆਂ ਕੀਤੀਆਂ, ਉਹ ਕੌਣ ਨਹੀਂ ਜਾਣਦਾ। ਪਰ ਮੈਂ ਅੱਜ ਉਹਨਾਂ ਦੇ ਬਾਕੀ ਕਾਰਨਾਮਿਆਂ ਦੇ ਪੱਖੋਂ ਤੇ ਆਜ਼ਾਦੀ ਸੰਗਰਾਮ ਬਾਰੇ ਨਾ ਕਹਿੰਦੀ ਹੋਈ, ਇਸ ਪੱਖ ਵਲੋਂ ਲਿਖਾਂ ਜੋ ਸ੍ਰੀ ਸਤਿਗੁਰੂ ਜੀ ਨੇ ਇਸਤ੍ਰੀ ਜ਼ਾਤੀ ਲਈ ਉਪਕਾਰ ਕੀਤੇ ਤੇ ਸਾਨੂੰ ਸਮਾਜ ਵਿਚ ਉਹ ਸਹੀ ਥਾਂ ਬਖਸ਼ੀ ਜੋ ਕਿ ਹੋਣੀ ਚਾਹੀਦੀ ਸੀ। ਇਹ ਉਪਕਾਰ ਸਾਡੇ ਲਈ ਬਹੁਤ ਵੱਡਾ ਉਪਕਾਰ ਹੈ ਜੋ ਅੱਖੋਂ ਪਰੋਖੇ ਕਰਨ ਯੋਗ ਨਹੀਂ, ਸਗੋਂ

Sri Satguru Jagjit Singh Ji Elibrary NamdhariElibrary@gmail.com

ਧਿਆਨ ਦੇਣ ਯੋਗ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਬਣਾਉਣ ਦੀ ਮਰਯਾਦਾ ਤੋਰੀ । ਉਹਨਾਂ ਦਾ ਜਿਥੋਂ ਤੱਕ ਅੰਮ੍ਰਿਤ ਛਕਾਉਣ ਦੀ ਰਹੁ-ਰੀਤ ਦਾ ਸਬੰਧ ਹੈ, ਉਹ ਕੇਵਲ ਮਰਦਾਂ ਤਕ ਸੀ । ਔਰਤਾਂ ਨੂੰ ਅੰਮ੍ਰਿਤ ਛਕਾਉਣ ਦੀ ਪ੍ਰਪਾਟੀ ਬਿਲਕੁਲ ਨਹੀਂ ਸੀਂ । ਮਾਤਾ ਸਾਹਿਬ ਦੇਵਾਂ ਜੀ ਨੂੰ ਮਾਤਾ ਦੀ ਪਦਵੀ ਜਰੂਰ ਮਿਲ ਗਈ ਸੀ, ਪਰ ਅੰਮ੍ਰਿਤ ਛਕਾ ਕੇ ਸਿੱਖੀ ਵਿਚ ਸ਼ਾਮਲ ਨਾ ਕੀਤਾ ਗਿਆ । ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਹਿਲਾ ਵੱਡਾ ਉਪਕਾਰ ਇਸਤ੍ਰੀਆਂ ਨੂੰ ਅੰਮ੍ਰਿਤ ਛਕਾ ਕੇ ਆਪਣੇ ਮਿਸ਼ਨ ਵਿਚ ਬਰਾਬਰ ਥਾਂ ਦੇਣੀ ਹੈ । ਆਪ ਨੇ ਡੰਕੇ ਦੀ ਚੋਟ ਨਾਲ ਇਹ ਐਲਾਨ ਕੀਤਾ ਕਿ ਮਰਦ ਤੇ ਔਰਤਾਂ ਬਰਾਬਰ ਹਨ । ਆਪ ਨੇ ਮਰਦਾਂ ਅਤੇ ਔਰਤਾਂ ਦੋਹਾਂ ਲਈ ਅੰਮ੍ਰਿਤ ਛੱਕਣਾ ਜ਼ਰੂਰੀ ਇਕਰਾਰ ਦਿੱਤਾ । ਆਪ ਨੇ ਰੂਹਾਨੀ ਰਹਿਬਰਾਂ ਤੇ ਗੁਰੂ ਨਾਲ ਪਿਆਰ ਕਰਨ ਦੀ ਸੰਥਾ ਦਿੱਤੀ । ਆਪ ਨੇ ਸਭ ਮਰਦ ਇਸਤ੍ਰੀਆਂ ਨੂੰ ਈਮਾਨਦਾਰ, ਸਤਿਆਵਾਦੀਤੇ ਉਚੇ ਸੁੱਧ ਆਚਰਨ ਵਾਲੇ ਬਨਣ ਦੀ ਸ਼ੁਭ ਸਿੱਖਿਆ ਦਿੱਤੀ ।

ਇਸਤ੍ਰੀ ਲਈ ਨਾਮ, ਭਜਨ ਬਾਣੀ ਕੰਠ ਕਰਨਾ ਜ਼ਰੂਰੀ ਕਰ ਦਿੱਤਾ । ਇਸਤ੍ਰੀ ਜੀਵਨ ਪੁਰਾਣੇ ਹਨੇਰੇ ਵਾਹਿਆਂ ਵਿਚੋਂ ਨਿਕਲ ਕੇ ਸਿੱਖੀ ਰਹਿਤਾਂ ਵਿਚ ਰਹਿੰਦਿਆਂ ਹੋਇਆਂ ਉਚੇ ਤੇ ਸੁੱਚੇ ਸਿੱਖੀ ਆਦਰਸ਼ਾਂ ਦਾ ਪਾਲਨ ਕਰਨ ਲੱਗਾ । ਉਹ ਵੀ ਸਮਾਂ ਸੀ ਕਿ ਜਦੋਂ ਸ਼ੂਦਰ ਤੋਂ ਵੀ ਨੀਚ, ਇਸਤ੍ਰੀ ਨੂੰ ਸਮਝਿਆ ਜਾਂਦਾ ਸੀ । ਪੁਰਾਣੀ ਕਹਾਵਤ ਸੀ ਕਿ "ਇਸਤ੍ਰੀ ਤਾਂ ਪੈਰ ਦੀ ਜੁੱਤੀ ਹੈ ਮੇਚ ਆਈ ਤਾਂ ਆਈ, ਨਾ ਆਈ ਤਾਂ ਨਾ ਸਹੀ ।" ਇਸਤ੍ਰੀ ਨੂੰ ਹੋਰ ਤੇ ਹੋਰ ਪਾਠ ਕਰਨ ਜਾਂ ਨਾਮ ਜਪਣ ਦਾ ਵੀ ਕੋਈ ਅਧਿਕਾਰ ਨਹੀਂ ਸੀ । ਪਰ ਇਸ ਦੇ ਉਲਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਧਿਆਤਮਕ ਮਾਮਲਿਆਂ ਵਿਚ ਵੀ ਇਸਤ੍ਰੀ ਨੂੰ ਪੂਰਨ ਬਰਾਬਰੀ ਦਿੱਤੀ । ਇਸਤ੍ਰੀ ਨੂੰ ਇਸ ਅਧਿਆਤਮਕ ਰੰਗ ਵਿਚ ਰੰਗ ਕੇ ਉਸ ਦਾ ਪ੍ਰਲੋਕ ਸੁਧਾਰਨਾ ਸਤਿਗੁਰੂ ਜੀ ਦੀ ਇਕ ਬਹੁਤ ਵੱਡੀ ਘਾਲਨਾ ਹੈ । ਇਹ ਗੱਲ ਅੰਗਰੇਜ਼ ਵੀ ਮੰਨਦਾ ਹੈ ਕਿ ਬਹੁਤ ਸਾਰੀਆਂ ਇਸਤ੍ਰੀਆਂ ਨੇ ਨਾਮਧਾਰੀ ਰਹਿਤ ਅਪਨਾਈ । ਅੰਗਰੇਜ਼ਾਂ ਦੇ ਕੂਕਿਆਂ ਬਾਰੇ ਰਿਕਾਰਡ ਵਿਚ ਸਪਸ਼ਟ ਲਿਖਿਆ ਹੋਇਆ ਹੈ ਕਿ ਹਜ਼ਾਰਾਂ ਇਸਤ੍ਰੀਆਂ ਇਸ ਮਿਸ਼ਨ ਵਿੱਚ ਸ਼ਾਮਲ ਹੋ ਗਈਆਂ ਸਨ । ਇਸ ਵਿੱਚ ਕਿਹੜੀ ਭੇਦ ਵਾਲੀ ਗੱਲ ਹੈ ? ਸ਼ਾਮਲ ਹੁੰਦੀਆਂ ਵੀ ਕਿਉਂ ਨਾ ? ਸਦੀਆ ਤੋਂ ਪਿਸਦੀਆਂ ਨੂੰ ਸਮਾਨਤਾ ਦੀ ਲੋਅ ਮਿਲੀ ਸੀ । ਉਹ ਸਮਾਜ ਤੋਂ ਉਚਿਆਂ ਉਡ ਕੇ ਗਗਨਾਂ ਦੀ ਝਲਕਾਂ ਲੈਣ ਲਗੀਆਂ ਸਨ । ਇਹ ਧਾਰਮਕ ਪਹਿਲੂ ਸੀ ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ ਇਸਤ੍ਰੀਆਂ ਦੇ ਸਮਾਜਕ ਜੀਵਨ ਵਿਚ ਸੁਧਾਰ ਕੀਤੇ । ਸਮਾਜਕ ਪਹਿਲੂ ਵਿੱਚ ਆਪ ਨੇ ਵਿਧਵਾ ਦਾ ਵਿਆਹ ਦਾ ਪ੍ਰਚਾਰ ਕੀਤਾ ਕਿ ਜਿਹੜੀਆਂ ਵਿਧਵਾਵਾਂ ਆਪਣਾ ਸਤੀਤੱਵ ਕਾਇਮ ਨਹੀਂ ਰੱਖ ਸਕਦੀਆਂ ਉਹ ਦੋਬਾਰਾ ਵਿਆਹ ਕਰਵਾਂ ਲੈਣ । ਆਪ ਨੇ ਵਿਧਵਾ ਵਿਆਹ ਦੀ ਪੂਰਨ ਖੁਲ੍ਹ ਦਿੱਤੀ । ਸੱਚੇ ਪਾਤਸ਼ਾਹ ਜੀ ਨੇ ਇਹ ਖਿਆਲ ਦਿੱਤੇ ਕਿ ਵਿਧਵਾ ਔਰਤਾਂ ਲਈ ਬੁਰੇ ਖਿਆਲਾਂ ਤੋਂ ਬਚਣਾ ਔਖਾ ਹੈ । ਇਨ੍ਹਾਂ ਲਈ ਸਦਾਚਾਰ ਦੇ ਦਾਇਰੇ ਵਿੱਚ ਰਹਿਣਾ ਬੜਾ ਕਠਨ ਹੈ । ਇਸ ਲਈ ਵਿਧਵਾਵਾਂ ਨੂੰ ਪੁਨਰ ਵਿਆਹ ਕਰਵਾ ਲੈਣਾ ਚਾਹੀਦਾ ਹੈ । ਪਰ ਜਿਨ੍ਹਾਂ ਵਿਧਵਾਵਾਂ ਦੀ ਉਮਰ ਜ਼ਿਆਦਾ ਹੋਵੇ, ਉਹ ਵਿਆਹ ਨਾ ਕਰਵਾਉਣ । ਮੁਕਦੀ ਗੱਲ ਇਹ ਕਿ ਵਿਧਵਾਵਾਂ ਨੂੰ ਜਤ-ਸਤ ਦੀ ਰਾਖੀ ਲਈ ਦੋਬਾਰਾ ਵਿਆਹ ਕਰਵਾ ਲੈਣਾ ਚਾਹੀਦਾ ਹੈ ਤਾਂ ਜੋ ਉਹ ਵਿਚਾਰੀਆਂ ਉਮਰ ਭਰ ਰੰਡੇਪੇ ਵਿੱਚ ਨਾ ਝੂਰਦੀਆਂ ਰਹਿਣ ਤੇ ਇਸੇ ਤਰ੍ਹਾਂ ਸੰਸਾਰ ਵਿਚ ਵਿਭਚਾਰ ਦਾ ਕਾਰਨ ਅਤੇ ਹਰ ਕਿਸੇ ਦੀ ਮਾੜੀ ਨਜ਼ਰ ਦਾ ਸ਼ਿਕਾਰ ਨਾ ਬਨਣ । ਇਸੇ ਤਰ੍ਹਾਂ ਸਤਿਗੁਰੂ ਜੀ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੇ ਨਾਲ ਨਾਲ ਜਨਤਾ ਨੂੰ ਵਹਿਮਾਂ ਭਰਮਾਂ ਦੀਆਂ ਜੰਜੀਰਾਂ ਤੋਂ ਵੀ ਸਵਤੰਤਰਤਾ ਦਿਵਾਈ ।

ਇਸ ਤੋਂ ਪਿਛੋਂ ਸਤਿਗੁਰੂ ਜੀ ਨੇ ਅਨੰਦ ਕਾਰਜਾਂ ਦੀ ਰਹੁ-ਰੀਤ ਤੌਰ ਕੇ ਸਮਾਜਕ ਪਹਿਲੂ ਤੋਂ ਜੋ ਉਪਕਾਰ ਕੀਤੇ ਉਹ ਵੀ ਕਿਸੇ ਗੱਲੋਂ ਘੱਟ ਨਹੀਂ । ਇਸ ਪਹਿਲੂ ਤੋਂ ਵੀ ਕੂਕਾ ਲਹਿਰ ਨੇ ਚੰਗੀ ਕਰਾਰੀ ਸੱਟ ਮਾਰੀ । ਬ੍ਰਾਹਮਣਾਂ ਦੀ ਠੇਕੇਦਾਰੀ ਕਾਰਨ ਲੋਕ ਬੜੇ ਤੰਗ ਸਨ । ਲੜਕੀ ਨੂੰ ਜਨਮ ਤੋਂ ਹੀ ਕਲੰਕ ਦੇ ਨਜ਼ਰੀਏ ਨਾਲ ਤੱਕਿਆ ਜਾਂਦਾ ਸੀ । ਕਿਉਂਕਿ ਬ੍ਰਾਹਮਣ ਕਈ ਨਾ-ਮੁਨਾਸਬ ਵਿਆਹ ਕਰਦੇ ਤੇ ਹਜ਼ਾਰਾਂ ਅਨਮੋਲ ਤੇ ਕੋਮਲ ਜ਼ਿੰਦਗੀਆਂ ਦੀ ਤਬਾਹੀ ਦਾ ਕਾਰਨ ਬਣਦੇ ਸਨ । ਇਹਨਾਂ ਨੇ ਹਿੰਦੁਸਤਾਨ (ਜੋ ਕਿ ਉਹਨਾਂ ਮਹਾਨ ਹਸਤੀਆਂ ਵਾਲਾ ਦੇਸ਼ ਹੈ, ਜਿਨ੍ਹਾਂ ਨੇ ਅਧਿਆਤਮਕ ਸਿੱਖਿਆ ਦੇ ਨਾਲ-ਨਾਲ ਰਾਜਨੀਤਕ ਤੇ ਸਮਾਜਕ ਤੌਰ ਤੇ ਵੀ ਜਨਤਾ ਦੀ ਬਹੁਤ ਜ਼ਿਆਦਾ ਭਲਾਈ ਕਰਕੇ ਚੜ੍ਹਦੇ ਸੂਰਜ ਦੀਆਂ ਕਿਰਨਾਂ, ਨਾ ਮਿਟ ਸਕਣ ਵਾਲੀਆਂ ਕਿਰਨਾਂ ਦਾ ਪ੍ਰਕਾਸ਼ ਬਖਸ਼ਿਆ ।) ਦੀ ਸੁਨਹਿਰੀ

Sri Satguru Jagjit Singh Ji Elibrary NamdhariElibrary@gmail.com

ਸਭਿਅਤਾ ਤੇ ਕਾਲੇ ਪਰਦੇ ਪਾ ਕੇ ਉਸ ਨੂੰ ਮੁੱਦਤਾਂ ਲਈ ਢੱਕ ਦਿੱਤਾ। ਆਮ ਵਿਆਹ ਇੱਕ ਐਨੀ ਖਰਚੀਲੀ ਰਸਮ ਬਣ ਚੁਕਾ ਸੀ ਕਿ ਘਰ ਵਿੱਚ ਲੜਕੀ ਦਾ ਜਨਮ ਲੈਣਾ ਇਕ ਮਾਤਮ ਨੂੰ ਸੱਦਾ ਦੇਣਾ ਸੀ। ਇਸ ਜ਼ੁੰਮੇਵਾਰੀ ਨੂੰ ਨਿਭਾਉਣ ਤੋਂ ਮਾਂ-ਬਾਪ ਅਸਮਰਥ ਸਨ। ਉਧਰ ਰਜਵਾੜਾ-ਸ਼ਾਹੀ ਦੇ ਜ਼ੁਲਮ ਸਦਕਾ ਲੜਕੀਆਂ ਦੀ ਬੇਇਜ਼ਤੀ ਤੇ ਜ਼ਬਰਦਸਤੀ ਉਠਾਏ ਜਾਣ ਦੇ ਡਰ ਕਾਰਨ ਲੋਕਾਂ ਦੇ ਮਨਾਂ ਤੇ ਦਹਿਸ਼ਤ ਛਾਈ ਹੋਈ ਸੀ। ਇਸ ਕਰਕੇ ਜਨਮ ਤੋਂ ਹੀ ਕੁੜੀ ਨੂੰ ਮਾਰ ਕੇ ਕਠੋਰ ਰੀਤੀ-ਰਿਵਾਜਾਂ ਤੇ ਜ਼ੁਲਮ ਤੋਂ ਬਚਣ ਦਾ ਇਕੋ ਇੱਕ ਰਸਤਾ ਸੀ। ਸਤਿਗੁਰੂ ਜੀ ਨੇ ਇਸ ਜ਼ਾਲਮ ਰਿਵਾਜ਼ ਨੂੰ ਪੰਜਾਬ ਵਿਚੋਂ ਖ਼ਤਮ ਕੀਤਾ ਤੇ ਇਹ ਉਪਦੇਸ਼ ਦਿੱਤਾ —

"ਆਗੇ ਜੋ, ਲੜਕੀ ਮਾਰ ਦੇਵੇਗਾ, ਅਰ ਲੜਕੀ ਵੇਚਣੇ ਦਾ, ਬਟਾ ਕਰਨੇ ਦਾ ਬੜਾ ਪਾਪ ਹੈ, ਜੋ ਮਾਰਨੇ ਦਾ ਇਹ ਪਾਪ ਹੈ, ਜੋ ਲੜਕੀਆ ਮੈਂ ਬਹੁਤ ਹੀ ਗੁਣ ਹੈਨ। ਅਨੇਕ ਤਰ੍ਹਾਂ ਦੇ ਸੁੱਖ ਦਿੰਦੀਆਂ ਹੈਨ ਇਸਤ੍ਰੀਆਂ, ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੋਂ ਵੀ ਬੜਾ ਪ੍ਰਾਪ ਹੈ।"

ਸਤਿਗੁਰੂ ਜੀ ਨੇ ਆਪਣੇ ਪਹਿਲੇ ਜਾਮੇਂ ਗੁਰੂ ਨਾਨਕ ਦੇ ਰੂਪ ਵਿੱਚ ਕਿਹਾ ਸੀ :— "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥"

ਲੜਕੀਆਂ ਦਾ ਬਟਾ ਕਰਨਾ ਤੇ ਮੁੱਲ ਲੈਣਾ ਆਦਿ ਭੈੜਾਂ ਤੋਂ ਵੀ ਸਤਿਗੁਰੂ ਜੀ ਨੇ ਰੋਕਿਆ —

"ਬਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰ ਅੱਛਾ ਨਹੀਂ ਮਿਲਦਾ, ਕੇ ਬੁਢਾ ਤੇ ਕਿਸੋਹਣਾ ਲੱਭਦਾ ਹੈ ਦੰਮ ਲੈਣੇ ਤੇ। ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ, ਨਾਲੇ ਕੁੜੀ ਵਿਭਚਾਰੀ ਹੋਇ ਜਾਂਦੀ ਹੈਂ। ਬਹੁਤੇ ਥਾਂਈ ਖਰਾਬ ਹੁੰਦੀ ਰਹਦੀ ਹੈ। ਇਹੋ ਸਾਰਾ ਪ੍ਰਾਪ ਮਾਪਿਆਂ ਕੋ ਲਗਦਾ ਹੈ।"

ਸ੍ਰੀ ਸਤਿਗੁਰੂ ਜੀ ਨੇ ਇਹਨਾਂ ਸਾਰੀਆਂ ਖੁਨਾਮੀਆਂ ਦਾ ਜ਼ਿੰਮੇਵਾਰ ਮਾਪਿਆਂ ਨੂੰ ਠਹਿਰਾਇਆ ਲੜਕੀ ਦਾ ਧਨ ਲੈਣ ਤੋਂ ਵੀ ਮਨ੍ਹਾਂ ਕੀਤਾ।

ਆਪ ਜੀ ਨੇ ਨਾਮਧਾਰੀ ਸੱਜਣਾਂ ਨੂੰ ਇਹ ਉਪਦੇਸ਼ ਦਿੱਤਾ ਕਿ ਉਹ ਆਪਣੀ ਪਤਨੀ ਤੋਂ ਬਿਨਾਂ ਹੋਰ ਇਸਤ੍ਰੀਆਂ ਨੂੰ ਮਾਤਾ, ਭੈਣਾਂ ਤੇ ਪੁਤ੍ਰੀਆਂ ਦੇ ਸਮਾਨ ਸਮਝਣ ਤੇ ਇਨ੍ਹਾਂ ਨਾਲ ਇਹੋ ਜਿਹਾ ਸਲੂਕ ਕਰਨ ਜੋ ਦਰਜ਼ੇ ਅਨੁਸਾਰ ਕਰਨਾ ਚਾਹੀਦਾ ਹੈ। ਆਪ ਨੇ ਗ੍ਰਹਿਸਥ ਜੀਵਨ ਬਾਰੇ ਜੋ ਸਿੱਖਿਆ ਦਿਤੀ ਉਸ ਦਾ ਸਾਰ ਇਹ ਹੈ ਕਿ ਇਸਤ੍ਰੀਆਂ ਲਈ ਪਤੀ ਧਰਮ ਕਾਇਮ ਰੱਖਣਾ ਤੇ ਮਰਦਾਂ ਲਈ ਪਤਨੀ ਬਰਤ ਧਰਮ ਤੇ ਦ੍ਰਿੜ੍ਹ ਰਹਿਣਾ ਜ਼ਰੂਰੀ ਹੈ। ਜਿਥੋਂ ਤੱਕ ਹੋ ਸਕੇ ਸੁੱਚ ਵਿੱਚ ਸੰਜਮ ਵਿੱਚ ਰਹਿਣ ਅਤੇ ਗੁਰੂ ਅਕਾਲ-ਪੁਰਖ ਤੇ ਉਸ ਦੀ ਸਾਰੀ ਰਚੀ ਸ੍ਰਿਸ਼ਟੀ ਦਾ ਸਤਿਕਾਰ ਕਰਨ ਤੇ ਇਨ੍ਹਾਂ ਨਾਲ ਪਿਆਰ ਕਰਨ ਸਦਕਾ ਹੀ ਤੁਹਾਨੂੰ ਮਹਾਂ ਆਨੰਦ, ਸਦੀਵੀ ਖੁਸ਼ੀ ਤੇ ਖੁਸ਼ਹਾਲੀ ਨਸੀਬ ਹੋ ਸਕਦੀ ਹੈ।

ਉਸ ਸਮੇਂ ਬਾਲ-ਵਿਆਹ ਦਾ ਵੀ ਬੜਾ ਜੋਰ ਸੀ। ਇਹ ਰੀਤ ਸਤੀ ਰਸਮ ਨਾਲੋਂ ਕੌਮ ਨੂੰ ਹਨੇਰੇ ਵਿਚ ਦਬਾ ਕੇ ਰੱਖਣ ਲਈ ਘੱਟ ਨਹੀਂ ਸੀ। ਸਤੀ ਹੋਣ ਵਾਲੀ ਤਾਂ ਚਲ ਵਸੇ ਪਤੀ ਪਿਛੇ, ਆਪਣਾ ਜੀਵਨ ਖ਼ਤਮ ਕਰਦੀ ਸੀ, ਪਰ ਬਾਲ ਵਿਆਹ ਦੋ ਜੀਆਂ ਦੇ ਜੀਉਣ ਦਾ ਰਸ ਖਤਮ ਕਰਦਾ ਸੀ। ਸਤਿਗੁਰੂ ਜੀ ਨੇ ਅਗਿਆਨ ਦੇ ਹਨੇਰੇ ਵਿੱਚ ਭਟਕੀ ਹੋਈ ਲੋਕਾਈ ਨੂੰ ਭਲੀ ਭਾਂਤ ਦੱਸ ਦਿੱਤਾ ਕਿ ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਵਾਲੇ ਸਮਝਦਾਰ ਹੋਣੇ ਚਾਹੀਦੇ ਹਨ। ਉਹਨਾਂ ਨੇ ਹੁਕਮ ਕੀਤਾ ਕਿ :—

"ਠਾਰਾਂ ਬਰਸ ਦੀ ਲੜਕੀ, ਬੀਸ ਬਰਸਾਂ ਦਾ ਲੜਕਾ ਹੋਵੇ ਤਾਂ ਬਿਆਹ ਕਰਨਾ, ਉਰੇ ਨਹੀਂ ਕਰਨਾ।"

ਇਸ ਤਰ੍ਹਾਂ ਉਮਰ ਨਿਸਚਿਤ ਕਰਕੇ ਬਾਲ-ਵਿਆਹ ਜਿਹੀ ਘੋਰ ਜ਼ਾਲਮ ਰਸਮ ਤੋਂ ਛੁਟਕਾਰਾ ਦਿਵਾਉਣਾ ਸਮਾਜਕ ਚੇਤੰਨਤਾ ਲਿਆਉਣ ਵਲ ਇਕ ਬਹੁਤ ਵਡਾ ਕਦਮ ਸੀ।

ਭਾਵੇਂ ਰਾਜਾ ਰਾਮ ਮੋਹਣ ਰਾਏ ਦੇ ਅਸਰ ਦੇ ਹੇਠਾਂ ਲਾਰਡ ਵਿਲੀਅਮ ਬੈਂਟਕ ਨੇ ਸਤੀ ਰਸਮ ਤੇ ਕੁੜੀਆਂ ਦੇ ਮਾਰਨ ਵਿਰੁਧ ਕਾਨੂੰਨ ਬਣਾਏ, ਪਰ ਇਹ ਇਕ ਕਾਗਜ਼ੀ ਕਾਰਵਾਈ ਤੱਕ ਹੀ ਸੀਮਤ ਕਾਨੂੰਨ ਸਨ। ਵੈਸੇ ਅੰਗਰੇਜ਼ਾਂ ਨੇ ਅਸਲੀ ਰੂਪ ਦੇਣ ਨਾਲੋਂ ਵੱਧ ਆਪਣੇ ਆਪ ਨੂੰ ਲੋਕਾਂ ਵਿਚ ਤੇ ਇਤਿਹਾਸ ਵਿਚ ਹਰਮਨ ਪਿਆਰੇ ਬਣਾਉਣ ਲਈ ਵਰਤਿਆ। ਪਰ ਇਹ ਅਸਲ ਵਿਚ ਜਨਤਾ ਵਲੋਂ ਹਰ ਮਨ ਪਿਆਰੇ ਹੋਣ ਲਈ ਉਹਨਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੇ ਤੁਲ ਸੀ। ਪਰ ਸਤਿਗੁਰੂ ਜੀ ਨੇ ਕੌਮ ਨੂੰ ਜਾਗਰਤ ਕਰਕੇ ਉਨ੍ਹਾਂ ਅੰਦਰ ਦੇਸ਼ ਪਿਆਰ ਤੇ ਇਸਤ੍ਰੀ ਸਤਿਕਾਰ ਦਾ ਜਜ਼ਬਾ ਭਰ ਕੇ ਅੰਗਰੇਜ਼ੀ ਸਾਮਰਾਜਵਾਦ ਵਿਰੁਧ ਅਵਾਜ਼ ਉਠਾਉਣ ਦੇ ਯੋਗ ਬਣਾਇਆ। ਸਤਿਗੁਰੂ ਜੀ ਨੇ ਆਪਣੇ ਸੁਧਾਰਾਂ ਨੂੰ ਸਿਰੇ ਚਾੜ੍ਹਨ ਲਈ ਜਨਨੀ ਦੀ ਪਦਵੀ ਨੂੰ ਉਚਿਆਇਆ, ਉਸ ਨੂੰ ਜਾਗਰਤ ਕੀਤਾ, ਪੂਰੇ ਹੱਕ ਦਿਤੇ ਤਾਂ ਕਿ ਉਹ ਬੱਚੇ ਵਿਚ ਉਚਾ ਤੇ ਸੁੱਚਾ ਜੀਵਨ

Sri Satguru Jagjit Singh Ji Elibrary NamdhariElibrary@gmail.com

ਬਿਤਾਉਣ ਦੀ ਅੰਸ਼ ਭਰ ਸਕੇ। ਸਤਿਗੁਰੂ ਜੀ ਨੇ ਹੁਕਮ-ਨਾਮਿਆਂ ਵਿਚ ਖ਼ਾਸ ਕਰਕੇ ਇਸਤ੍ਰੀਆਂ ਵੱਲ ਹੀ ਧਿਆਨ ਦੇ ਕੇ ਲਿਖਿਆ ਹੈ। ਜਿਨ੍ਹਾਂ ਵਿਚ ਇਸਤ੍ਰੀ ਦੇ ਉਧਾਰ ਦੇ ਇਨਕਲਾਬ ਨੂੰ ਕਾਇਮ ਰੱਖਣ ਦੇ ਨਾਲ ਨਾਲ ਘਰੇਲੂ ਮਾਮਲਿਆਂ ਨੂੰ ਸੁਲਝਾਉਣ ਦੀਆਂ ਵੀ ਵਿਧੀਆਂ ਦੱਸੀਆਂ। ਮਾਈ ਜਵਾਲਾ ਦੇਈ ਵੱਲ ਤਾਂ ਸਤਿਗੁਰੂ ਜੀ ਨੇ ਕਈ ਪੱਤਰ ਲਿਖੇ ਤੇ ਉਸ ਨੂੰ ਭਜਨ ਬਾਣੀ ਕਰਨ ਦੀ ਖਾਸ ਹਦਾਇਤ ਕੀਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਸਸਤੇ ਤੇ ਨਵੀਨ ਢੰਗ ਦੇ ਆਨੰਦ-ਕਾਰਜ ਜ਼ਿਲਾ ਫ਼ਿਰੋਜ਼ਪੁਰ ਦੇ ਪਿੰਡ ਖੋਟਿਆਂ ਵਿਚ ਸੰਨ 1863 ਦੇ ਤਿੰਨ ਜੂਨ ਵਾਲੇ ਦਿਨ, ਭਾਰੀ ਜੋੜ ਮੇਲੇ ਵਿਚ ਛੇ ਵਿਆਹ ਕਰਕੇ ਆਨੰਦ ਮਰਯਾਦਾ ਦਾ ਮੁੱਢ ਬੰਨ੍ਹਿਆਂ। ਜਿਸ ਦੀ ਸ਼ਤਾਬਦੀ ਸੰਨ 1963 ਵਿਚ ਮਨਾਈ ਗਈ। ਇਹਨਾਂ ਨਵੀਨ ਢੰਗ ਦੇ ਆਨੰਦ ਕਾਰਜਾਂ ਵਿਚ ਪੁਰਾਣੇ ਲੁਟ-ਖਸੁੱਟ ਦੇ ਰਸਮੋ ਰਿਵਾਜਾਂ ਦਾ ਅੰਤ ਹੋ ਗਿਆ। ਪੂਰਨ ਮਰਯਾਦਾ ਅਨੁਸਾਰ ਕੀਤੇ ਜਾਣ ਵਾਲੇ ਆਨੰਦਾਂ ਦਾ ਖ਼ਰਚ ਸਿਰਫ਼ ਸਵਾ ਰੁਪਿਆ ਹੋਣ ਲੱਗਾ। ਜਦੋਂ ਕਿ ਅੱਜ ਦੇ ਯੁਗ ਵਿਚ ਲੱਕ ਤੋੜਵੀਂ ਮਹਿੰਗਾਈ ਹੈ, ਇਸ ਸਸਤੇ ਤੇ ਸੁਘੜ ਢੰਗ ਨੂੰ ਕੌਣ ਨਹੀਂ ਚੰਗਾ ਸਮਝ ਸਕਦਾ ? ਇਹ ਗੱਲ ਠੀਕ ਹੈ ਕਿ ਅਜ ਵੀ ਵਿਆਹ ਸ਼ਾਦੀਆਂ ਤੇ ਲੱਕ ਤੋੜਵੇਂ ਖ਼ਰਚ ਕੀਤੇ ਜਾਂਦੇ ਹਨ। ਪੁਰਾਣੀਆਂ ਬੇੜੀਆਂ ਲੋਕਾਂ ਨੇ ਤੋੜੀਆਂ ਨਹੀਂ, ਪਰ ਔਖੇ ਬੜੇ ਹਨ। ਹਰ ਗ਼ੈਰ ਨਾਮਧਾਰੀ ਇਸ ਮਰਿਯਾਦਾ ਦੀ ਸਰਾਹਨਾ ਕਰਦਾ ਹੋਇਆ ਸ੍ਰੀ ਸਤਿਗੁਰੂ ਜੀ ਦੇ ਇਸ ਉਪਕਾਰ ਨੂੰ ਸਹਿਜੇ ਹੀ ਧੰਨ ਧੰਨ ਕਰ ਉਠਦਾ ਹੈ ਕਿ ਜਿਹੜੀਆਂ ਕੁੜੀਆਂ ਨੂੰ ਗਰੀਬੀ ਦਾ ਕਾਰਨ ਤੇ ਅਸਹਿ ਭਾਰ ਸਮਝਿਆ ਜਾਂਦਾ ਸੀ, ਹੁਣ ਭਾਰ ਵੰਡਾਉਣ ਵਾਲੀਆਂ ਬਣ ਗਈਆਂ।

ਅਜ ਕਲ੍ਹ ਸਮਾਜ ਵਿਚ ਆਮ ਤੌਰ ਤੇ ਵਹੁਟੀ ਨਾਲੋਂ ਦਾਜ ਨੂੰ ਪਹਿਲੀ ਥਾਂ ਦਿੱਤੀ ਜਾਂਦੀ ਹੈ, ਜੋ ਕਿ ਵਿਚਾਰੀ ਵਹੁਟੀ ਲਈ ਸੰਕਟ ਦਾ ਕਾਰਨ ਬਣ ਜਾਂਦੀ ਹੈ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਖ਼ਰਚੀਲੇ ਤੇ ਦਾਜ ਵਰਗੀ ਅਸਹਿ ਰਸਮ ਨੂੰ ਖ਼ਤਮ ਕਰਨ ਦਾ ਵਾਧਾ ਕਰਕੇ, ਇਸਤ੍ਰੀ ਦਾ ਸਨਮਾਨ ਹੋਰ ਵੀ ਵਧਾ ਦਿੱਤਾ।

ਵਿਆਹਾਂ ਦੀ ਰਹੁ-ਰੀਤ ਵਿਚ ਸਤਿਗੁਰੂ ਜੀ ਨੇ ਜ਼ਾਤ-ਪਾਤ ਦਾ ਵਿਰੋਧ ਕਰਕੇ ਉਪਰ ਲਿਖੇ ਛੇ ਵਿਆਹਾਂ ਵਿਚੋਂ (ਜੋ ਕਿ ਸੰਨ 1863 ਵਿਚ ਕੀਤੇ ਸਨ) ਇਕ ਤਰਖਾਣ ਦੀ ਲੜਕੀ ਦਾ ਇਕ ਅਰੋੜ੍ਹਾ ਲੜਕੇ ਨਾਲ ਵਿਆਹ ਕਰਕੇ ਬਰਾਦਰੀਆਂ ਦਾ ਵੀ ਖੰਡਨ ਕੀਤਾ।

ਸਤਿਗੁਰੂ ਜੀ ਨੇ ਹਰ ਮਨੁੱਖ ਨੂੰ ਲੜਕੀਆਂ ਨੂੰ ਵੀ ਅੱਖਰ ਪੜ੍ਹਾਉਣੇ ਜ਼ਰੂਰੀ ਕਰਾਰ ਦਿੱਤਾ। ਜਦੋਂ ਕਿ ਸਤਿਗੁਰੂ ਜੀ ਨੇ ਅੰਗਰੇਜ਼ੀ ਹਕੂਮਤ ਵਲੋਂ ਚਲਾਏ ਸਕੂਲਾਂ ਵਿਚ ਸਾਰੇ ਭਾਰਤੀਆਂ, ਪਰ ਖਾਸ ਤੌਰ ਤੇ ਨਾਮਧਾਰੀਆਂ ਨੂੰ ਪੜ੍ਹਨ ਤੋਂ ਬੰਦ ਕਰ ਦਿਤਾ ਸੀ। ਇਸ ਲਈ ਕਿ ਮੈਕਾਲੇ ਦੇ ਸਥਾਪਤ ਕੀਤੇ ਹੋਏ ਵਿੱਦਿਅਕ ਢੰਗ ਨਾਲ ਹਿੰਦੁਸਤਾਨੀ ਸਿਰਫ਼ ਕਲਰਕ ਬਣ ਕੇ ਹੀ ਨਾ ਰਹਿ ਜਾਣ। (ਇਹੀ ਕਾਰਨ ਹੈ ਕਿ ਅਜ ਵੀ ਬਹੁਤੇ ਨਾਮਧਾਰੀ ਘੱਟ ਅੰਗਰੇਜ਼ੀ ਪੜ੍ਹੇ ਹੋਏ ਹਨ। ਬਾਦ ਵਿਚ ਗਾਂਧੀ ਵਲੋਂ ਚਲਾਏ ਗਏ ਸਮਾਰਕਾਂ ਵਿਚ ਵੀ ਅੰਗਰੇਜ਼ੀ ਦੀ ਸਿੱਖਿਆ ਨਹੀਂ ਦਿੱਤੀ ਜਾਂਦੀ ਸੀ) ਸੋ ਲੜਕੀਆਂ ਨੂੰ ਸਿੱਖਿਆ ਦੇਣੀ ਸਤਿਗੁਰੂ ਜੀ ਦਾ ਖਾਸ ਹੁਕਮ ਸੀ। ਬੀਬੀ ਨੰਦਾ ਨੂੰ ਇਕ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਲਿਖਿਆ ਸੀ :—

"ਬੀਬੀ ਨੰਦਾ ਲਟਕੀਆਂ ਬਹੂਆਂ ਨੂੰ ਬੀ ਅੱਖਰ ਪੜ੍ਹਾ ਦੇਣੇ, ਬਾਣੀ ਕੰਠ ਕਰਾ ਦੇਣੀ।"

ਜਿਹੜੇ ਕੰਮ ਕਾਂਗਰਸ ਨੇ ਕੀਤੇ ਜਾਂ ਅਜ ਸਰਕਾਰ ਕਰ ਰਹੀ ਹੈ, ਇਹ ਸਾਰੇ ਸਤਿਗੁਰੂ ਜੀ ਨੇ ਆਪਣੇ ਸਮੇਂ ਕੀਤੇ ਤੇ ਸਾਡੀ ਰਾਹ-ਨੁਮਾਈ ਕੀਤੀ। ਸੰਵਿਧਾਨ ਵਿਚ ਇਸਤ੍ਰੀਆਂ ਨੂੰ ਸਮਾਨਤਾ ਤੇ ਵਿਦਿਆ ਗ੍ਰਹਿਣ ਕਰਨ ਦੇ ਸਮਾਨ ਹੱਕਾਂ ਦੇ ਕਾਨੂੰਨ ਬਣਾਏ ਹਨ। ਉਸ ਸਮੇਂ ਇਹ ਗੱਲਾਂ ਸੋਚਣੀਆਂ ਕੀ ਕਰਾਮਾਤ ਦੇ ਤੁਲ ਨਹੀਂ ਸਨ ? ਸਤਿਗੁਰੂ ਜੀ ਦੀ ਲਿਆਂਦੀ ਹੋਈ ਸਵੇਰ ਦੀਆਂ ਕਿਰਨਾਂ ਦੀ ਰੋਸ਼ਨੀ ਤੋਂ ਹੀ ਗਾਂਧੀ ਨੇ ਨਾ-ਮਿਲਵਰਤਣ ਲਹਿਰ ਚਲਾਈ ਤੇ ਹੁਣ ਸਰਕਾਰ ਵੀ ਉਨ੍ਹਾਂ ਸੁਧਾਰਾਂ ਨੂੰ ਕਾਨੂੰਨਾਂ ਦਾ ਰੂਪ ਦੇ ਰਹੀ ਹੈ। ਉਹਨਾਂ ਦੀ ਲਿਆਂਦੀ ਸਵੇਰ ਦੀਆਂ ਕਿਰਨਾਂ ਵਿਚੋਂ ਇਕ ਕਿਰਨ ਇਹ ਵੀ ਸੀ ਕਿ ਬੱਚੇਦਾਰ ਪਹਿਲਾ ਸਕੂਲ ਉਸ ਦਾ ਘਰ ਤੇ ਉਸ ਦੀ ਮਾਂ ਹੈ। ਜਿੰਨੀਆਂ ਵੀ ਹਸਤੀਆਂ ਜਾਂ ਸੂਰਮੇ ਪੈਦਾ ਹੋਏ, ਉਹ ਵਾਤਾਵਰਣ, ਮਾਂ ਦੇ ਵਿਹਾਰ ਤੇ ਸਿੱਖਿਆ ਤੋਂ ਪ੍ਰਭਾਵਤ ਹੋ ਕੇ ਹੀ ਵੱਡੇ ਬਣੇ।

ਸਤਿਗੁਰੂ ਜੀ ਨੇ ਉਪਰ ਲਿਖੇ ਤੇ ਹੋਰ ਅਣਗਿਣਤ ਸੁਧਾਰਾਂ ਨੂੰ ਅਮਲੀ ਰੂਪ ਦੇਣ ਵਾਸਤੇ ਪਹਿਲਾਂ ਪੰਜ ਸੂਬੇ ਤੇ ਤੇ ਫੇਰ ਹੋਰ ਸਤਾਰਾਂ ਸੂਬੇ ਥਾਪ ਕੇ ਕੁਲ ਬਾਈ (੨੨) ਸੂਬੇ ਥਾਪੇ। ਜਿੰਨਾਂ ਵਿਚੋਂ ਅੰਮ੍ਰਿਤਸਰ ਗੁਰੂ ਦੀ ਨਗਰੀ, ਸਿੱਖਾਂ

Sri Satguru Jagjit Singh Ji Elibrary NamdhariElibrary@gmail.com

ਦੀ ਧਾਰਮਿਕ ਰਾਜਧਾਨੀ ਸਦੀਆਂ ਤੋਂ ਚਲਿਆ ਆਉਂਦਾ ਹੈ, ਇਥੋਂ ਦਾ ਸੂਬਾ ੨੦ ਸਾਲਾ ਇਸਤ੍ਰੀ ਬੀਬੀ ਹੁਕਮੀ ਨੂੰ ਥਾਪਿਆ ਤਾਂ ਕਿ ਕਿਸੇ ਵੀ ਪੱਖੋਂ ਇਸਤ੍ਰੀ ਦੀ ਪਦਵੀ ਨੀਵੀਂ ਨਾ ਰਹੇ। ਉਨ੍ਹਾਂ ਦਿਨਾਂ ਵਿਚ ਅਜਿਹਾ ਕਰਨਾ ਕਿੰਨੀ ਅਣਹੋਣੀ ਗੱਲ ਸੀ ? ਇਹ ਸੂਬਾਈ ਪ੍ਰਬੰਧ ਸਤਿਗੁਰੂ ਜੀ ਦੀ ਆਪਣੀ ਪਹਿਲੀ ਮਿਸਾਲ ਪੰਜਾਬ ਵਿਚ ਵੀ ਨਹੀਂ ਸਗੋਂ ਸਾਰੇ ਭਾਰਤ ਵਿਚ ਸੀ । ਅੰਗਰੇਜ਼ਾਂ ਨੇ ਕਰੀਬ ੬੫ ਸਾਲ ਪਿਛੋਂ ੧੯੨੮ ਈ: ਵਿਚ ਇੰਗਲੈਂਡ ਦੀ ਨਾਰੀ ਨੂੰ ਬਰਾਬਰ ਦਾ ਹੱਕ ਦਿੱਤਾ । ਭਾਵੇਂ ਕਿ ਅੰਗਰੇਜ਼ ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਚਾਲਾਕ, ਸੁਲਝੀ ਹੋਈ ਇਕ ਸਭਿਅਕ ਕੌਮ ਸਮਝਦੇ ਸਨ ।

ਸਤਿਗੁਰੂ ਜੀ ਦੇ ਇਸਤ੍ਰੀ ਜਗਤ ਨੂੰ ਉੱਚਿਆਂ ਚੁਕਣ ਲਈ ਇਹਨਾਂ ਸੁਧਾਰਾਂ ਨੂੰ ਜਾਨਣ ਤੋਂ ਬਾਅਦ ਕੋਈ ਗੁੰਜ਼ਾਇਸ਼ ਨਹੀਂ ਰਹਿ ਜਾਂਦੀ ਕਿ ਸਤਿਗੁਰੂ ਜੀ ਨੇ ਸਹੀ ਰੂਪ ਵਿਚ ਇਸਤ੍ਰੀ ਨੂੰ ਉਹ ਸਥਾਨ ਦਿੱਤਾ ਤੇ ਸਮਾਜ ਤੋਂ ਦਿਲਵਾਇਆ, ਜਿਸ ਦੀ ਕਿ ਉਹ ਪੂਰੀ ਹੱਕਦਾਰ ਸੀ ।

ਕਿਸੇ ਸਿਆਣੇ ਲੇਖਕ ਦਾ ਕਹਿਣਾ ਹੈ :—

"ਜੋ ਕੁਝ ਅਸੀਂ ਹਾਂ ਉਹ ਅਕਾਲ ਪੁਰਖ ਵਲੋਂ ਸਾਨੂੰ ਦਾਤ ਹੈ। ਜੋ ਕੁਝ ਅਸੀਂ ਆਪਣੇ ਆਪ ਨੂੰ ਬਣਾਉਂਦੇ ਹਾਂ, ਉਹ ਸਾਡੇ ਵਲੋਂ ਅਕਾਲ ਪੁਰਖ ਨੂੰ ਭੇਂਟ ਹੈ।"

ਸਤਿਗੁਰੂ ਜੀ ਦੀ ਇਸਤ੍ਰੀਆਂ ਨੂੰ ਉਚਾ ਚੁਕਣ ਦੀ ਦੇਣ ਇਕ ਮਹਾਨ ਦੇਣ ਹੈ । ਇਕ ਅਟੱਲ ਸਚਾਈ ਹੈ, ਜਿਹੜੀ ਛੁਪਾਇਆਂ ਛੁਪ ਨਹੀਂ ਸਕਦੀ। ਮਹਾਨ ਹਸਤੀਆਂ ਸਚਾਈ ਨੂੰ ਬਰਕਰਾਰ ਰੱਖਣ ਯੋਗ ਅਸੂਲ ਬਣਾ ਦੇਂਦੀਆਂ ਹਨ, ਜੋ ਅਸੂਲ ਸਾਡਾ ਮਾਰਗ-ਦਰਸ਼ਨ ਕਰਦੇ ਹਨ। ਇਹੋ ਜਿਹੇ ਮਹਾਂ-ਪੁਰਸ਼ਾਂ ਦਾ ਸੰਕਲਪ ਹੀ ਸਚਾਈ ਤੇ ਦ੍ਰਿੜ੍ਹ ਰਹਿਣਾ ਹੁੰਦਾ ਹੈ । ਸਤਿਗੁਰੂ ਜੀ ਨੇ ਦੁਖੀ ਜਾਂ ਮਜ਼ਲੂਮ ਲਈ ਇਕ ਕਸਕ ਜਿਹੀ ਮਹਿਸੂਸ ਕੀਤੀ ਤੇ ਦੀਨ ਦੁਖਿਆਰੇ ਤੇ ਅਤਿਆਚਾਰ ਸਹਿਣ ਵਾਲੇ ਮਜ਼ਲੂਮ ਉਤੇ ਹੁੰਦੇ ਅਤਿਆਚਾਰਾਂ ਦੇ ਕਾਰਨਾਂ ਨੂੰ ਜੜ੍ਹੋਂ ਪੁੱਟਣ ਲਈ ਆਪਣੇ ਸੁਖ ਆਰਾਮ ਨੂੰ ਵੀ ਤਿਆਗ ਦਿੱਤਾ । ਕਿਉਂਕਿ ਜਿਹੜਾ ਇਨਸਾਨ ਆਪਣੇ ਦੁਖੀਏ ਸਮਾਜ ਦੀ ਅਜ਼ਾਦੀ ਤੇ ਉਸ ਨੂੰ ਇਨ੍ਹਾਂ ਦੁੱਖਾਂ ਤੋਂ ਮੁਕਤ ਕਰਣ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੰਦਾ ਹੈ, ਉਹੀ ਸੱਚਾ ਰਹਿਬਰ ਬਣਦਾ ਹੈ। ਤੇ ਇਹੋ ਜਿਹਾ ਨੇਤਾ ਇਸ ਸੰਸਾਰ ਨੂੰ ਕਦੇ ਕਦੇ ਹੀ ਨਸੀਬ ਹੁੰਦਾ ਹੈ ।

ਇਸ ਲਈ ਸਾਨੂੰ ਆਪਣੇ ਉਸ ਰਹਿਬਰ ਦੇ ਉਪਕਾਰ ਚੇਤੇ ਰੱਖ ਕੇ ਉਸ ਦੇ ਦੱਸੇ ਹੋਏ ਰਾਹ ਤੇ ਚੱਲ ਕੇ ਮੌਕੇ ਦੇ ਮਾਲਕ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਉਨ੍ਹਾਂ ਦੀ ਹੀ ਅਮਰ ਜੋਤ ਹਨ) ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ । ਆਓ ਸਾਰੇ ਮਰਦ ਇਸਤ੍ਰੀਆਂ ਰਲ ਕੇ ਉਨ੍ਹਾਂ ਦੇ ਉਚੇ ਤੇ ਸੁੱਚੇ ਵਰਦਾਨਾਂ ਤੇ ਪੱਥਾਂ ਅਨੁਸਾਰ ਚੱਲ ਕੇ ਆਪਣੇ ਅਮੁੱਲ ਜੀਵਨ ਨੂੰ ਅਜ ਦੇ ਸਸਤੇ ਮਿਆਰਾਂ ਤੋਂ ਉਚਿਆਂ ਉਠਾ ਕੇ ਆਪਣੀ ਜਥੇਬੰਦੀ ਨੂੰ ਹੋਰ ਪਕੇਰਾ ਕਰੀਏ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਾਰਥਕ ਕਰੀਏ ।

ਸ੍ਰੀ ਭੈਣੀ ਸਾਹਿਬ ਦੇ ਪ੍ਰਯੋਗ ਸਮੇਂ ਖ਼ਾਸ ਸਮਾਗਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਵਨ ਸ਼ਤਾਬਦੀ ਦੇ ਚਾਲੂ ਸਾਲ ਵਿਚ ਸ਼ਤਾਬਦੀ ਸਮਿਤੀ ਵਲੋਂ ਥਾਂ ਪਰ ਥਾਂ ਮੇਲੇ ਅਤੇ ਸਮਾਗਮ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਦਮਦਮਾ ਰਾਇਕੋਟ ਆਦਿ ਥਾਵਾਂ ਤੇ ਮੇਲੇ ਮਨਾਏ ਗਏ ਹਨ; ਅਤੇ ਅਗੋਂ ਹੋਰ ਵਿਸ਼ੇਸ਼ ਸਮਾਗਮ ਕੀਤੇ ਜਾਣੇ ਹਨ ।

ਸਾਨੂੰ ਇਹ ਦਸਿਆਂ ਖ਼ੁਸ਼ੀ ਹੋ ਰਹੀ ਹੈ ਕਿ ਸ੍ਰੀ ਭੈਣੀ ਸਾਹਿਬ ਦੇ ਸਾਲਾਨਾਂ ਜਪ ਪ੍ਰਯੋਗ ਦੇ ਭੋਗ ਪੈਣ ਤੋਂ ਇਕ ਦਿਨ ਪਹਿਲਾਂ ੧੬ ਅਕਤੂਬਰ ਨੂੰ ਇਕ ਵਿਸ਼ੇਸ਼ ਗੋਸ਼ਟੀ ਸਮਾਰੋਹ ਕੀਤਾ ਜਾਵੇਗਾ । ਜਿਸ ਵਿਚ ਕੁਝ ਪੇਪਰ ਪੜ੍ਹੇ ਜਾਣਗੇ, ਅਤੇ ਦੂਜੇ ਟਾਈਮ ਵਿਚ ਉਹਨਾਂ ਪੇਪਰਾਂ ਬਾਰੇ ਵਿਦਵਾਨਾਂ ਦੇ ਵਿਚਾਰ ਸੁਣੇ ਜਾਣਗੇ ।

ਅਸੀਂ ਆਪਣੇ ਦੇਸ਼ ਦੇ ਪਰੋਫ਼ੈਸਰਾਂ, ਪ੍ਰਿੰਸੀਪਲ ਸਾਹਿਬਾਨ ਤੇ ਹੋਰ ਸਮੂਹ ਵਿਦਵਾਨਾਂ ਨੂੰ ਬੇਨਤੀ ਕਰਦੇ ਹਾਂ, ਕਿ ਉਹ ਇਸ ਸਮਾਰੋਹ ਵਿਚ ਵਧ ਚੜ੍ਹ ਕੇ ਭਾਗ ਲੈਣ ਅਤੇ ਆਪਣੇ ਆਪਣੇ ਪੇਪਰ ਲਿਖ ਕੇ ਲਿਆਉਣ ਜਿਨ੍ਹਾਂ ਤੇ ਉਥੇ ਵਿਚਾਰ ਕੀਤੀ ਜਾ ਸਕੇ। ਅਤੇ ਆਏ ਸਜਣਾਂ ਦੇ ਵਿਚਾਰ ਸੁਣੇ ਜਾ ਸਕਣ ।

ਇਸ ਸਮਾਰੋਹ ਵਿਚ ਭਾਰਤ ਦੇ ਕੁਝ ਉਘੇ ਵਿਅਕਤੀ ਵੀ ਸ਼ਾਮਲ ਹੋ ਰਹੇ ਹਨ । ਸੋ ਸਾਡੀ ਸਮੂਹ ਵਿਦਵਾਨਾਂ ਪ੍ਰਤੀ ਬੇਨਤੀ ਹੈ ਕਿ ਉਹ ੧੫ ਅਕਤੂਬਰ ਸ਼ਾਮ ਜਾਂ ੧੬ ਅਕਤੂਬਰ ਸਵੇਰੇ ੭ ਵਜੇ ਤਕ ਜ਼ਰੂਰੀ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ ।

— ਸੰਪਾਦਕ

ਵਿਆਹ ਅਤੇ ਦਾਜ ਦਹੇਜ

ਸ੍ਰੀ ਗੁਰਭਜਨ ਸਿੰਘ ਨਾਮਧਾਰੀ

(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ ਗਵਨ ਸ਼ਤਾਬਦੀ ਦੇ ਸਿਲਸਿਲੇ ਵਿਚ ਸਾਡੇ ਸਕੱਤਰ, ਸ੍ਰੀ ਗੁਰਭਜਨ ਸਿੰਘ ਨਾਮਧਾਰੀ ਦਵਾਰਾ ਆਕਾਸ਼ਵਾਣੀ, ਜਲੰਧਰ ਤੋਂ ੧੦ ਜੁਲਾਈ ੧੯੭੧ ਨੂੰ ਪ੍ਰਸਾਰਤ ਹੋਈ ਵਾਰਤਾ ਆਪ ਸਭ ਦੀ ਦਿਲਚਸਪੀ ਲਈ ਪੇਸ਼ ਕਰਦਿਆਂ ਪ੍ਰਸੰਨਤਾ ਅਨੁਭਵ ਕਰਦੇ ਹਾਂ।) — ਸੰਪਾਦਕ

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੀ ੧੯੬੫ ਦੀ ਐਡੀਸ਼ਨ ਦੇ ਵਾਲਯੂਮ ੧੪ ਦੇ ੯੩੭ ਪੰਨੇ ਤੇ ਲਿਖਿਆ ਹੈ :—

"ਭਾਰਤ ਅਤੇ ਲੰਕਾ ਵਿਚ, ਵਿਹਾਂਦੜ ਦੇ ਇਵਜ਼ ਵਿਚ ਨਹੀਂ, ਸਗੋਂ ਉਸ ਦੇ ਨਾਲ ਦਾਜ ਦਹੇਜ ਦੇਣਾ ਇਕ ਸਮਾਜਕ ਬੁਰਾਈ ਬਣ ਗਿਆ ਹੈ। ਭਾਰਤ ਸਰਕਾਰ ਨੇ ਇਸ ਦਾ ਖੁਰਾ ਖੋਜ ਮਿਟਾਉਣ ਲਈ ਆਪਣੇ ੧੯੬੧ ਦੇ ਦਾਜ ਰੋਕੂ ਕਾਨੂੰਨ ਰਾਹੀਂ ਦਾਜ ਦੇਣ ਅਤੇ ਲੈਣ ਨੂੰ ਇਕ ਗੁਨਾਹ ਦਸਿਆ ਹੈ।"

ਦਾਜ, ਅਜ ਦੇ ਜੁਗ ਵਿਚ ਸਚਮੁਚ ਹੀ ਲੜਕੀਆਂ ਤੇ ਉਹਨਾਂ ਦੇ ਮਾਪਿਆਂ ਲਈ ਸਿਰ ਦਰਦੀ ਦਾ ਕਾਰਨ ਬਣ ਗਿਆ ਹੈ। ਜੰਮਦੀਆਂ ਲੜਕੀਆਂ ਨੂੰ ਮਾਰ ਦੇਣਾ, ਲੜਕੀਆਂ ਦਾ ਉਧਲ ਜਾਣਾ, ਆਤਮ ਘਾਤ ਕਰ ਲੈਣਾ, ਪੇਕੇ ਘਰ ਉਹਨਾਂ ਦੀ ਜਵਾਨੀ ਢਲ ਜਾਣੀ, ਵਿਹਾਂਦੜ ਨੂੰ ਤਲਾਕ ਦੇ ਦੇਣਾ, ਉਸ ਨੂੰ ਸਹੁਰੇ ਘਰ ਦੁਖੀ ਰਖਣਾ, ਸਸਾਂ ਦੇ ਤਾਹਨੇ ਮੇਹਣੇ ਸੁਣ ਕੇ ਜਰਨੇ, ਲੜਕੀ ਦੇ ਮਾਪਿਆਂ ਦਾ ਸ਼ਰੀਕੇ ਵਿਚ ਨੱਕ ਨਾ ਰਹਿਣਾ, ਉਹਨਾਂ ਦਾ ਕਰਜਾਈ ਹੋ ਜਾਣਾ, ਜ਼ਮੀਨਾਂ ਗਹਿਣੇ ਰਖ ਦੇਣੀਆਂ ਤੇ ਹੋਰ ਅਨੇਕਾਂ ਦੁਖਾਂ ਤੇ ਗਰੀਬੀ ਦਾ ਬੁਨਿਆਦੀ ਕਾਰਨ ਸਿਰਫ਼ ਦਾਜ ਦਹੇਜ਼ ਹੀ ਹੈ। ਦਾਜ ਦਹੇਜ਼ ਦੀ ਲਾਹਨਤ ਸਾਡੇ ਸਮਾਜ ਵਿਚ ਕਿਥੋਂ ਆਈ, ਸਾਡੇ ਲਈ ਇਹ ਜਰੂਰੀ ਕਿਉਂ ਹੋ ਗਈ ? ਇਸ ਬਾਰੇ ਜਾਨਣ ਲਈ ਜੇ ਮਨੁਖ ਦੇ ਇਤਿਹਾਸ ਵੱਲ ਝਾਤ ਮਾਰੀ ਜਾਵੇ ਤਾਂ ਇਸ ਦਾ ਸਪਸ਼ਟੀਕਰਨ ਵੀ ਸਹਿਜੇ ਹੀ ਹੋ ਜਾਂਦਾ ਹੈ।

ਮਨੁਖੀ ਜੀਵਨ ਵਿਚ ਜਦੋਂ ਵਿਆਹ ਦੀ ਲੋੜ ਪਈ ਤਾਂ ਸਭ ਤੋਂ ਪਹਿਲਾਂ "ਪੈਸ਼ਾਚ ਵਿਆਹ" ਦੀ ਰਸਮ ਜਾਰੀ ਹੋਈ। ਵਿਆਹ ੮ ਪ੍ਰਕਾਰ ਦੇ ਹੁੰਦੇ ਹਨ। ਰੋਂਦੀ ਕੰਨਿਆਂ ਨੂੰ ਖੋਹ ਕੇ ਲੈ ਜਾਣ ਦੀ ਕਿਰਿਆ ਨੂੰ "ਪੈਸ਼ਾਚ ਵਿਆਹ" ਕਹਿੰਦੇ ਹਨ। ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਵਲੋਂ ਪ੍ਰਕਾਸ਼ਤ ਫ਼ਰਵਰੀ-ਮਾਰਚ ੧੯੭੧ ਦੇ ਮਾਸਕ ਪੱਤਰ "ਸ਼ਤਾਬਦੀ ਨਿਊਜ਼" ਦੇ ਐਡੀਟੋਰੀਅਲ ਦਾ ਕੁਝ ਸਾਰੰਸ਼ ਇਸ ਪ੍ਰਕਾਰ ਹੈ :—

"ਜਦੋਂ ਲੋਕ ਕਬੀਲਿਆਂ ਦੇ ਰੂਪ ਵਿਚ ਰਹਿੰਦੇ ਸਨ ਉਦੋਂ ਲੋੜ ਪੈਣ ਤੇ ਤਕੜੇ ਮਾੜਿਆਂ ਦੀਆਂ ਔਰਤਾਂ ਨੂੰ ਮੱਲੋ ਮਲੀ ਚੁਕ ਲਿਆਉਂਦੇ ਸਨ। ਉਹ ਔਰਤਾਂ ਨੂੰ ਆਸਾਨੀ ਨਾਲ ਕੱਢ ਲਿਆਉਣ ਵਾਸਤੇ ਘੋੜਿਆਂ ਤੇ ਆਪਣੇ ਸਹਾਇਕ ਸਾਥੀਆਂ ਤੇ ਤਲਵਾਰਾਂ ਸਮੇਤ ਖ਼ੁਸ਼ੀ ਵਿਚ ਗੀਤ ਗਾਉਂਦੇ, ਢੋਲ ਵਜਾਉਂਦੇ ਜਾਂਦੇ ਸਨ ਅਤੇ ਗਰੀਬ ਕਬੀਲਿਆਂ ਦੀਆਂ ਔਰਤਾਂ ਲਿਆ ਕੇ ਜੇਤੂ ਵਿਭਾਗ ਦੇ ਮੈਂਬਰਾਂ ਵਿਚ ਵੰਡ ਦਿੰਦੇ ਸਨ। ਇਸ ਦੇ ਨਾਲ ਹੀ ਉਹ ਧਨ, ਦੌਲਤ, ਗਹਿਣੇ ਅਤੇ ਜੋ ਵੀ ਮਾਲ ਉਹਨਾਂ ਦੇ ਹਥ ਲਗਦਾ, ਉਸ ਦੀ ਚੰਗੀ ਲੁੱਟ ਖਸੁਟ ਕਰਦੇ ਸਨ। ਜਨੇਤ, ਬੈਂਡ ਵਾਜੇ, ਘੋੜੀ, ਤਲਵਾਰ ਆਦਿ ਪੁਰਾਣੇ ਵਿਸਾਹਘਾਤੀ ਜੁਗ ਦੀ ਨਕਲ ਹੈ ਅਤੇ ਲੁੱਟ ਖਸੁਟ ਦੇ ਮਾਲ ਨੂੰ ਅਸਾਂ ਬੋਲੋੜੇ ਦਾਜ ਦਹੇਜ

Sri Satguru Jagjit Singh Ji Elibrary NamdhariElibrary@gmail.com

ਦੀ ਸ਼ਕਲ ਦੇ ਲਈ ਹੈ।"

ਸੋ, ਜਿਉਂ ਜਿਉਂ ਮਨੁਖ ਨੇ ਤਰੱਕੀ ਕੀਤੀ, ਉਸ ਨੇ ਲੋੜ ਅਨੁਸਾਰ ਕੁਝ ਭਾਈਚਾਰਕ ਕੀਮਤਾਂ ਕਾਇਮ ਕੀਤੀਆਂ ਅਤੇ ਮਾਰ ਧਾੜ ਦੀ ਜ਼ਿੰਦਗੀ ਨਾਲੋਂ ਵਿਆਹ ਨੂੰ ਇਕ ਅਟੱਲ ਕਿਰਿਆ ਜਾਣ ਕੇ ਇਸ ਨਾਲ ਸਮਝੌਤਾ ਕਰ ਲਿਆ। ਇਸ ਦੇ ਵਾਪਰਨ ਵਿਚ ਥੋੜੀ ਤਬਦੀਲੀ ਲਿਆਂਦੀ ਅਤੇ ਇਸ ਸਮੇਂ ਮਨੁਖੀ ਦਿਮਾਗ ਵਿਚੋਂ ਸੁਅੰਬਰ ਦੀ ਰਚਨਾ ਹੋਈ। ਸੁਅੰਬਰ ਰਾਹੀਂ ਪਹਿਲਾਂ ਵਾਂਗ ਹੀ ਨੀਂਗਰ ਦੀ ਸੂਰਮਗਤੀ ਤੇ ਬਾਹੂਬਲ ਦੀ ਪਰਖ ਹੁੰਦੀ ਰਹੀ। ਲੁਟ ਖਸੁਟ ਦੇ ਰੂਪ ਵਿਚ ਜਾਣ ਵਾਲੇ ਮਾਲ ਨੂੰ ਲੜਕੀ ਦੇ ਮਾਪੇ ਆਪਣੇ ਆਪ ਹੀ ਦੇਣ ਵਿਚ ਸਹਿਮਤ ਹੋ ਗਏ ਅਤੇ ਇਸ ਦਿਤੇ ਜਾਣ ਵਾਲੇ ਸਾਜ਼ੋ ਸਮਾਨ ਨੂੰ "ਦਾਜ" ਦਾ ਨਾਮ ਦਿਤਾ ਗਿਆ।

ਸਹਿਜੇ ਸਹਿਜੇ ਸਮੇਂ ਅਨੁਸਾਰ ਵਿਆਹਾਂ ਨੇ ਕਈ ਰੂਪ ਧਾਰਨ ਕੀਤੇ ਅਤੇ ਅਖ਼ੀਰ ਵਿਚ ਇਸ ਦੀਆਂ ਸੁਧਰੀਆਂ ਹੋਈਆਂ ੮ ਕਿਸਮਾਂ ਸਾਡੇ ਸਾਹਮਣੇ ਆਈਆਂ। ਇਹਨਾਂ ਵਿਚੋਂ ਬ੍ਰਹਮ ਰੀਤੀ ਅਨੁਸਾਰ ਹੋਣ ਵਾਲੇ ਵਿਆਹ ਨੂੰ ਬੁਧੀਵਾਨ ਲੋਕਾਂ ਨੇ ਸਮਾਜਕ ਮਾਨਤਾ ਦਿਤੀ। ਦਾਜ ਦਹੇਜ ਵਿਆਹ ਦੀ ਹਰ ਰੀਤੀ ਦਾ ਇਕ ਅਨਿਖੜਵਾਂ ਅੰਗ ਬਣਿਆ ਰਿਹਾ ਸਗੋਂ ਇਸ ਵਿਚ ਰੰਗ ਰਲੀਆਂ ਮਾਨਣ, ਮਾਸ ਸ਼ਰਾਬ ਉਡਾਉਣ, ਕੰਜਰੀਆਂ ਦਾ ਨਚਾਉਣ ਤੇ ਬ੍ਰਾਹਮਣਾਂ ਦੇ ਖ਼ਰਚਾਂ ਦਾ ਹੋਰ ਵਾਧਾ ਹੁੰਦਾ ਰਿਹਾ।

ਰਜਵਾੜਿਆਂ, ਨਵਾਬਾਂ, ਸਰਮਾਏਦਾਰਾਂ, ਅਹਿਲਕਾਰਾਂ, ਸਰਦਾਰਾਂ ਤੇ ਪੇਂਡੂ ਸ਼ਾਹਾਂ ਨੇ ਮਨ ਮਰਜ਼ੀ ਦੇ ਵਿਆਹ ਕਰਨੇ ਅਰੰਭ ਦਿਤੇ ਅਤੇ ਲੜਕੀ ਦੇ ਨਾਲ ਹਾਥੀ, ਘੋੜੇ, ਮਝਾਂ, ਗਊਆਂ, ਗੋਲੀਆਂ, ਗਹਿਣੇ, ਨਕਦੀ, ਕਪੜੇ ਤੇ ਹੋਰ ਅਨੇਕ ਪ੍ਰਕਾਰ ਦਾ ਸਾਮਾਨ ਦੇ ਕੇ ਦਾਜ ਦੀ ਰਸਮ ਨੂੰ ਬੜਾਵਾ ਦਿਤਾ। ਮਧ ਸ਼ਰੇਣੀ ਦੇ ਲੋਕ ਇਹਨਾਂ ਦੀ ਰੀਸੇ ਆਪਣੇ ਚਾਰ ਸਿਆੜ ਵੇਚ ਕੇ ਜਾਂ ਗਹਿਣੇ ਰਖ ਕੇ ਵੀ ਲੜਕੀ ਨੂੰ ਵਿਤੋਂ ਵਧ ਦਾਜ ਦਿੰਦੇ ਅਤੇ ਆਉਣ ਵਾਲੀਆਂ ਪੁਸ਼ਤਾਂ ਲਈ ਸਿਰਫ ਸ਼ਾਹਾਂ ਦੇ ਕਰਜ਼ੇ ਹੀ ਵਿਰਾਸਤ ਵਿਚ ਛਡ ਜਾਂਦੇ। ਦੂਸਰੇ ਪਾਸੇ ਜੋ ਅਤਿ ਗਰੀਬ ਲੋਕ ਸਨ, ਉਹਨਾਂ ਨੇ ਲੜਕੀਆਂ ਨੂੰ ਵਪਾਰ ਦਾ ਸਾਧਨ ਬਣਾ ਲਿਆ। ਕੋਈ ਵੀ ਧਨਾਢ ਬੁੱਢਾ ਜਾਂ ਅਪਾਹਜ ਨੌਜਵਾਨ ਲੜਕੀਆਂ ਨੂੰ ਖ਼ਰੀਦ ਲੈਂਦਾ, ਮਾਪਿਆਂ ਘਰ ਇਕ ਵਾਰ ਤਾਂ ਘਿਓ ਦੇ ਦੀਵੇ ਬਲ ਪੈਂਦੇ, ਪਰ ਇਨ੍ਹਾਂ ਦੀ ਲਾਟ ਤੇ ਕਈ ਮਲੂਕ ਜਵਾਨੀਆਂ ਦੇ ਅਰਮਾਨ ਸੜ ਕੇ ਸੁਆਹ ਹੋ ਜਾਂਦੇ ਸਨ। ਇਸ ਪ੍ਰਕਾਰ ਇਹ ਦਾਜ ਦੇਣ ਅਤੇ ਲੈਣ ਦੀ ਰਸਮ ਆਮ ਸੁਖਾਵੀਂ ਪਧਰੀ ਜ਼ਿੰਦਗੀ ਲਈ ਇਕ ਲਾਹਨਤ ਦਾ ਰੂਪ ਧਾਰਦੀ ਗਈ।

ਸਾਨੂੰ ਪੰਜਾਬੀਆਂ ਨੂੰ ਇਹ ਮਾਨ ਪ੍ਰਾਪਤ ਹੈ ਕਿ ਬਹੁਤ ਸਾਰੇ ਧਾਰਮਿਕ ਅਚਾਰੀਆ ਤੇ ਸਿੱਖ ਗੁਰੂ ਸਾਹਿਬਾਨ ਪੰਜਾਬ ਵਿਚ ਹੀ ਪ੍ਰਗਟ ਹੋਏ ਅਤੇ ਉਹਨਾਂ ਨੇ ਸਮੇਂ ਸਮੇਂ ਸਮਾਜਕ ਕੁਰੀਤੀਆਂ ਵਿਰੁਧ ਲੋਹਾ ਲਿਆ। ਸ੍ਰੀ ਗੁਰੂ ਰਾਮ ਦਾਸ ਜੀ ਨੇ ਵੀ ਦਾਜ ਦਹੇਜ਼ ਦੀ ਨਿੰਦਾ ਕੀਤੀ। ਉਹਨਾਂ ਸ੍ਰੀ ਰਾਗ ਵਿਚ ਫੁਰਮਾਇਆ ਸੀ :—

"ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ।"

ਇਹ ਇਕ ਵਖਰੀ ਗੱਲ ਹੈ ਕਿ ਉਸ ਸਮੇਂ ਦਾਜ ਦਹੇਜ਼ ਤੇ ਹੋਰ ਖਰਚਾਂ ਦੀ ਮਨਾਹੀ ਨਾ ਹੋ ਸਕੀ ਸਗੋਂ ਸ੍ਰੀ ਗੁਰੂ ਰਾਮ ਦਾਸ ਜੀ ਦਵਾਰਾ ਉਚਾਰਨ ਲਾਵਾਂ ਦਾ ਪ੍ਰਯੋਗ ਵੀ ਨਾ ਹੋ ਸਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਵਡਾ ਹਵਨ ਕੀਤਾ, ਪਰ ਉਹਨਾਂ ਦਾ ਵਿਆਹ ਵੀ ਲਾਵਾਂ, ਹਵਨ ਤੇ ਵੇਦੀ ਆਦਿ ਦੀ ਮਰਯਾਦਾ ਅਨੁਸਾਰ ਨਾ ਹੋਇਆ ਸਗੋਂ ਉਹਨਾਂ ਦਾ ਵਿਆਹ ਬਾਲ ਅਵਸਥਾ ਵਿਚ ਬ੍ਰਾਹਮਣਾਂ ਦਵਾਰਾ ਸਨਾਤਨੀ ਮਰਯਾਦਾ ਅਨੁਸਾਰ ਹੋਇਆ ਸੀ। ਗੁਰੂ ਕੇ ਲਾਹੌਰ ਪਹਿਲੇ ਵਿਆਹ ਸਮੇਂ ਉਹਨਾਂ ਦੀ ਉਮਰ ਸਿਰਫ ੧੧ ਵਰ੍ਹਿਆਂ ਦੀ ਸੀ।

ਖ਼ਾਲਸਾ ਰਾਜ ਸਮੇਂ ਤੇ ਉਸ ਤੋਂ ਬਾਅਦ ਵੀ ਸਿੱਖਾਂ ਸਰਦਾਰਾਂ ਦੇ ਘਰਾਂ ਵਿਚ ਜੰਮਦੀਆ ਕੁੜੀਆਂ ਦੇ ਮਾਰਨ ਦਾ ਆਮ ਰਿਵਾਜ ਪੈ ਗਿਆ ਸੀ। ਉਹ ਇਸ ਵਾਸਤੇ ਕੁੜੀਆਂ ਮਾਰਦੇ ਸਨ ਕਿ ਉਹਨਾਂ ਦਾ ਕੋਈ ਜਵਾਈ ਨਾ ਬਣੇ ਅਤੇ ਗਰੀਬਾਂ ਵਿਚ ਇਸ ਕਰਕੇ ਕੁੜੀਆਂ ਮਾਰੀਆਂ ਜਾਂਦੀਆਂ ਸਨ ਤਾਂ ਕਿ ਉਹ ਦਾਜ ਦਹੇਜ ਤੋਂ ਮੁਕਤ ਹੋ ਜਾਣ। ਪਿੰਡਾਂ ਥਾਵਾਂ ਵਿਚ ਇਸ ਕੰਮ ਲਈ ਇਕ ਮਾਈ ਨਿਯਤ ਹੁੰਦੀ ਸੀ। ਉਸ ਨੂੰ ਵਡੀ ਬੇਬੇ ਕਹਿ ਕੇ ਬੁਲਾਇਆ ਜਾਂਦਾ ਸੀ। ਕੁੜੀ ਜੰਮਣ ਵੇਲੇ ਫੌਰਨ ਉਸ ਨੂੰ ਬੁਲਾਇਆ ਜਾਣਾ ਅਤੇ ਉਸ ਨੇ ਕੁੜੀ ਦੇ ਹਥ ਵਿਚ ਰੂੰ ਰਖ ਕੇ "ਲੈ ਧੀਏ ਪੂਣੀ ਚਰਖਾ ਕੱਤੀਂ। ਆਪ ਨਾ ਆਵੀਂ ਤੇ ਵੀਰੇ ਨੂੰ 'ਘਤੀਂ" ਕਹਿ ਕੇ ਉਸ ਦੇ ਗਲ ਅੰਗੂਠ ਦੇ ਦੇਣਾ।

ਜਦੋਂ ਸਮਾਜਕ ਕੀਮਤਾਂ ਇਸ ਨੌਬਤ ਤਕ ਗਿਰ ਜਾਣ

Sri Satguru Jagjit Singh Ji Elibrary NamdhariElibrary@gmail.com

ਤਾਂ ਜ਼ਰੂਰ ਕੋਈ ਇਨਕਲਾਬ ਆਉਂਦਾ ਹੈ । ਬਿਲਕੁਲ ਅਜੇਹੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿਚ ਪੁਨਰ ਜਾਗ੍ਰਤੀ ਲਿਆਂਦੀ ਅਤੇ ਉਹਨਾਂ ਨੂੰ ਦਸਿਆ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਵਾਰਸ ਹਨ । ਆਪ ਜੀ ਨੇ ਲੋਕਾਂ ਨੂੰ ਜੰਮਦੀਆਂ ਲੜਕੀਆਂ ਮਾਰਨ ਤੋਂ ਵਰਜਿਆ, ਔਰਤ ਜਾਤੀ ਨੂੰ ਅੰਮ੍ਰਿਤ ਛਕਣ ਤੇ ਕਛਹਿਰਾ ਪਾਉਣ ਦੇ ਅਧਿਕਾਰ ਦਿਤੇ, ਵਿਧਵਾ ਵਿਆਹ ਦੀ ਆਗਿਆ ਦਿਤੀ ਅਤੇ ਵਿਆਹ ਦੇ ਸੰਬੰਧ ਵਿਚ ਸਮਾਜ ਵਲੋਂ ਠੋਸੀਆਂ ਕੋਝੀਆਂ ਕੀਮਤਾਂ ਤੇ ਇਕ ਕਰਾਰੀ ਸੱਟ ਮਾਰਨ ਹਿਤ ੩ ਜੂਨ. ੧੮੬੩ ਨੂੰ ਪਿੰਡ ਖੋਟੇ ਜਿਲਾ ਫਿਰੋਜਪੁਰ ਵਿਚ ਇਕ ਅਤਿ ਸਰਲ, ਸਾਦੀ, ਸਸਤੀ, ਸੰਜਮੀ ਤੇ ਕਲਿਆਣਕਾਰੀ ਅਨੰਦ-ਮਰਯਾਦਾ ਦਾ ਸ੍ਰੀ ਗਣੇਸ਼ ਕੀਤਾ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਅਨੁਸਾਰ ਹਵਨ ਹੋਇਆ, ਪਰ ਵੇਦਾਂ ਦੇ ਬਜਾਏ ਬਾਣੀ ਸ੍ਰੀ ਆਦਿ ਅਤੇ ਦਸਮ ਗ੍ਰੰਥ ਵਿਚੋਂ ਪੜ੍ਹੀ ਗਈ, ਲਾਵਾਂ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਪੜ੍ਹੀਆਂ ਗਈਆਂ, ਇਸ ਮੇਲੇ ਵਿਚ ਬ੍ਰਹਮ ਰੀਤੀ ਅਨੁਸਾਰ ਰੋਟੀ ਦੀ ਸਾਂਝ ਵਾਲਿਆਂ ਦੇ ੬ ਅੰਤਰਜਾਤੀ ਅਨੰਦ ਕਾਰਜ ਹੋਏ, ਹਰ ਇਕ ਅਨੰਦ ਪ੍ਰਤੀ ਸਿਰਫ ਸਵਾ ਰੁਪਿਆ ਖ਼ਰਚ ਕੀਤਾ ਗਿਆ ਅਤੇ ਲੜਕੀ ਲੜਕੇ ਵਾਲਿਆਂ ਨੂੰ ਦਾਜ ਦੇਣ ਲੈਣ ਤੇ ਪਾਬੰਦੀ ਲਗਾ ਦਿਤੀ ਗਈ । ਭਾਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਆਪਣਾ ਵਿਆਹ ਵੀ ਬਾਲ ਅਵਸਥਾ ਵਿਚ ਹੋਇਆ ਸੀ, ਉਹਨਾਂ ਨੇ ਇਹ ਨਵੀਂ ਰੀਤੀ ਚਲਾ ਕੇ ਵਿਆਹੇ ਜਾਣ ਵਾਲੇ ਲੜਕੇ ਦੀ ਉਮਰ ੨੦ ਸਾਲ ਅਤੇ ਲੜਕੀ ਦੀ ਉਮਰ ੧੬ ਸਾਲ ਨਿਯਤ ਕਰ ਦਿਤੀ । ਸਦੀਆਂ ਤੋਂ ਦਾਜ ਦਹੇਜ ਦੇ ਬੋਝ ਹੇਠ ਦਬੀ ਗਰੀਬ ਜਨਤਾ ਨੂੰ ਇਸ ਰੀਤੀ ਨੇ ਕੁਝ ਸਾਹ ਦਿਵਾਇਆ, ਪਰ ਇਹ ਮਰਯਾਦਾ ਉਸ ਵੇਲੇ ਆਮ ਪ੍ਰਚਲਤ ਨਾ ਹੋ ਸਕੀ ਕਿਉਂਕਿ ਇਸ ਤੋਂ ਛੇਤੀ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਰਕਾਰ ਅੰਗਰੇਜ਼ੀ ਦਵਾਰਾ ਦੇਸ-ਨਿਰਵਾਸਤ ਕੀਤਾ ਗਿਆ । ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਨਾਮਧਾਰੀਆਂ ਤੇ ਇਕ ਅਤਿ ਗਹਿਰਾ ਜ਼ੁਲਮੀ ਝੱਖੜ ਝੁਲਣ ਕਰਕੇ ਇਹ ਮਰਯਾਦਾ ਵਧ ਫੁਲ ਨਾ ਸਕੀ । ਫਿਰ ਵੀ ਇਸੇ ਰੀਤੀ ਅਨੁਸਾਰ ਬਹੁਤ ਲੰਮਾ ਸਮਾਂ ਨਾਮਧਾਰੀਆਂ ਦੇ ਵਿਆਹ ਘਰਾਂ ਵਿਚ ਹੀ ਹੁੰਦੇ ਰਹੇ ।

ਜਦੋਂ ੩੦ ਅਕਤੂਬਰ ੧੯੦੮ ਨੂੰ ਵਾਇਸਰਾਇ ਦੀ ਕੌਂਸਲ ਵਿਚ ਮਹਾਰਾਜਾ ਰਿਪੁਦਮਨ ਸਿੰਘ ਵਲੋਂ ਅਨੰਦ ਮੈਰਿਜ ਬਿਲ ਪੇਸ਼ ਕੀਤਾ ਗਿਆ ਤਾਂ ਇਸ ਸੰਬੰਧੀ ਬਹਿਸ ਵਿਚ ਸਬੂਤ ਪੇਸ਼ ਕਰਨ ਲਈ ਮਹਾਰਾਜਾ ਰਿਪੁਦਮਨ ਸਿੰਘ ਨੇ ਆਪਣਾ ਚੀਫ ਜਸਟਿਸ ਸਰਦਾਰ ਬਚਨ ਸਿੰਘ ਅਤੇ ਮਹਾਰਾਜਾ ਪਟਿਆਲਾ ਨੇ ਆਪਣੇ ਵਲੋਂ ਸੰਤ ਜਵਾਲਾ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘਜ਼ੀ ਨੇ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਤਾਰ ਭੇਜੀ ਅਤੇ ਸੰਤ ਜਵਾਲਾ ਸਿੰਘ ਨੂੰ ਆਪਣੇ ਦਸਤਖ਼ਤਾਂ ਵਾਲੀ ਇਕ ਚਿੱਠੀ ਦਿਤੀ, ਜਿਸ ਵਿਚ ਲਿਖਿਆ ਸੀ ਕਿ ਉਹ ਪਿਛਲੇ ੪੫ ਸਾਲਾਂ ਤੋਂ ਅਨੰਦ ਕਾਰਜ ਗੁਰ ਮਰਯਾਦਾ ਅਨੁਸਾਰ ਕਰ ਰਹੇ ਹਨ । ਇਸ ਤੋਂ ਇਲਾਵਾ ਹੋਰ ਕਿਸੇ ਸਭਾ ਜਾਂ ਸੰਸਥਾ ਕੋਲ ਕੋਈ ਸਬੂਤ ਨਹੀਂ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਸ ਗਵਾਹੀ ਦੇ ਆਧਾਰ ਤੇ ਹੀ ਅਨੰਦ ਮੈਰਿਜ ਐਕਟ ੨੨ ਅਕਤੂਬਰ, ੧੯੦੯ ਨੂੰ ਪਾਸ ਹੋਇਆ ਸੀ ।

(ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਮਰਯਾਦਾ ਨੂੰ ਹੋਰ ਸਸਤਾ ਕਰਨ ਲਈ ਇਸ ਵਿਚ ਕਈ ਪ੍ਰਕਾਰ ਦੇ ਸੰਸ਼ੋਧਨ ਤੇ ਵਾਧੇ ਕੀਤੇ । ਵਿਆਹ ਤੋਂ ਪਹਿਲਾਂ ਲੜਕਾ ਰੋਕਣ ਵਾਲੀ ਇਕ ਵਾਧੂ ਰਸਮ ਨੂੰ ਖ਼ਤਮ ਕਰ ਦਿਤਾ । ਬਿਜਲੀਵਾਲ੍ਹ, ਜਿਲਾ ਗੁਰਦਾਸਪੁਰ ੧੯੨੪ ਈ: ਦੇ ਹੋਲੇ ਸਮੇਂ ਆਪ ਨੇ ਮੰਗਣੀ, ਕੁੜਮਾਈ, ਸ਼ਗਨ, ਠਾਕਾ, ਅਰਦਾਸਾ ਜਾਂ ਲੜਕੇ ਨੂੰ ਰੁਪਈਆ ਦੇਣ ਆਦਿ ਦੀ ਰਸਮ ਤੇ ਪਾਬੰਦੀ ਲਗਾ ਦਿਤੀ । ਆਪ ਦੇ ਆਦੇਸ਼ ਦਵਾਰਾ ਵਿਆਹ ਘਰਾਂ ਵਿਚੋਂ ਹਟਾ ਕੇ ਫਿਰ ਮੇਲਿਆਂ ਵਿਚ ਕੀਤੇ ਜਾਣ ਲਗ ਪਏ ਅਤੇ ਇਹ ਹੁਕਮ ਵੀ ਹੋ ਗਿਆ ਕਿ ਲੜਕੀ ਵਿਆਹ ਤੋਂ ਬਾਅਦ ਮੇਲੇ ਵਿਚੋਂ ਹੀ ਸਿਧੀ ਸਹੁਰੇ ਘਰ ਜਾਵੇ ਅਤੇ ਪੂਰੇ ੧੫ ਦਿਨ ਉਥੇ ਰਹੇ । ਮੁਕਲਾਵੇ ਦੀ ਰਸਮ ਵੀ ਖ਼ਤਮ ਕਰ ਦਿਤੀ । ਵਿਆਹੇ ਜਾਣ ਵਾਲੇ ਲੜਕੇ ਦੀ ਉਮਰ ੧੮ ਸਾਲ ਅਤੇ ਲੜਕੀ ਦੀ ਉਮਰ ੧੪ ਸਾਲ ਕਰ ਦਿਤੀ । ਦਾਜ ਦਹੇਜ਼ ਦੀ ਪਾਬੰਦੀ ਨੂੰ ਹੋਰ ਪਕਿਆਂ ਕੀਤਾ ਅਤੇ ਜਨ ਸਾਧਾਰਨ ਲਈ ਇਸ ਕਲਿਆਣਕਾਰੀ ਅਨੰਦ ਮਰਯਾਦਾ ਦੇ ਅਸਲ ਰੂਪ ਨੂੰ ਹੋਂਦ ਵਿਚ ਲਿਆਂਦਾ ।)

(ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ੩-੪ ਜੂਨ, ੧੯੬੩ ਨੂੰ ਪਿੰਡ ਖੋਟੇ, ਜ਼ਿਲਾ ਫਿਰੋਜ਼ਪੁਰ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਦਵਾਰਾ ਚਲਾਈ ਅਨੰਦ ਮਰਯਾਦਾ ਦੀ ਸ਼ਤਾਬਦੀ ਮਨਾਈ ਗਈ । ਇਥੇ ਇਕੋ ਸਮੇਂ ੧੪੯ ਵਿਆਹ ਹੋਏ । ਏਨੇ ਇਕੱਠੇ ਤੇ ਸਸਤੇ ਅਨੰਦ ਦੁਨੀਆਂ ਭਰ

Sri Satguru Jagjit Singh Ji Elibrary NamdhariElibrary@gmail.com

ਵਿਚ ਪਹਿਲੀ ਵਾਰ ਹੋਏ ਸਨ । ਅਖਬਾਰਾਂ, ਰੇਡੀਓ, ਟੈਲੀਵੀਜਨ ਤੇ ਫਿਲਮਾਂ ਰਾਹੀਂ ਇਸ ਮਰਯਾਦਾ ਬਾਰੇ ਵਿਸ਼ਵ ਭਰ ਵਿਚ ਚਰਚਾ ਹੋਈ । ਇਸ ਦਾ ਅਸਰ ਕਬੂਲ ਕੇ ਮਦਰਾਸ, ਕੇਰੋ ਤੇ ਹੋਰ ਕਈ ਥਾਵਾਂ ਤੇ ਇਕੱਠੇ ਤੇ ਸਸਤੇ ਵਿਆਹ ਹੋਏ । ਇਸ ਸਮੇਂ ਮਹਿੰਗਾਈ ਕਾਰਨ ਹਰ ਇਕ ਜੋੜੇ ਵਲੋਂ ਸਿਰਫ ੧੩-੫੦ ਖ਼ਰਚ ਕੀਤੇ ਗਏ । ਵੈਸੇ ਜੇ ਕੋਈ ਗਰੀਬ ਏਨੇ ਪੈਸੇ ਨਾ ਦੇ ਸਕਦਾ ਹੋਵੇ ਤਾਂ ਵਿਆਹ ਸਿਰਫ ਸਵਾ ਰੁਪਏ ਵਿਚ ਹੋ ਜਾਂਦਾ ਹੈ । ਜੇ ਕੋਈ ਇਹ ਵੀ ਨਾ ਦੇ ਸਕਦਾ ਹੋਵੇ ਤਾਂ ਸਾਰਾ ਖਰਚਾ ਗੁਰੂ ਕੀ ਗੋਲਕ ਵਿਚੋਂ ਕਰਕੇ ਵਿਆਹ ਕਰ ਦਿਤਾ ਜਾਂਦਾ ਹੈ, ਪਰ ਦਾਜ ਦਹੇਜ ਤੇ ਪੂਰੀ ਪਾਬੰਦੀ ਹੁੰਦੀ ਹੈ। ਬਹੁਤ ਸਾਰੇ ਗ਼ੈਰ ਨਾਮਧਾਰੀ ਸਜਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਸ ਮਰਯਾਦਾ ਅਨੁਸਾਰ ਵਿਆਹ ਕਰਵਾ ਕੇ ਦਾਜ ਦਹੇਜ ਤੋਂ ਮੁਕਤ ਹੋ ਜਾਂਦੇ ਹਨ ।

ਭਾਰਤ ਦੇ ਇਕ ਪ੍ਰਸਿਧ ਪੱਤਰ ਵਿਚ "ਦੁਨੀਆਂ ਭਰ ਵਿਚ ਸਸਤੇ ਵਿਆਹ" ਦੇ ਸਿਰਲੇਖ ਹੇਠ ਸ੍ਰੀ ਰਾਮ ਪੰਜਾਬੀ ਨੇ ਲਿਖਿਆ ਹੈ :—

ਆਪਣੇ ਧਾਰਮਿਕ ਅਸੂਲਾਂ ਅਨੁਸਾਰ ਨਾਮਧਾਰੀਆਂ ਦੇ ਵਿਆਹ ਅਤਿ ਸਾਦੇ ਅਤੇ ਸੰਜਮੀ ਹਨ । ਦਾਜ ਦਹੇਜ ਦਾ ਦੇਣਾ, ਖਾਣ ਪੀਣ ਦੇ ਜਸ਼ਨ ਕਰਨੇ ਆਪਣੀ ਦੌਲਤ ਜਾਂ ਹੈਸੀਅਤ ਦਾ ਵਖਾਵਾ ਕਰਨਾ ਪੂਰੀ ਤਰ੍ਹਾਂ ਵਿਵਰਜਤ ਹੈ — ਬਹੁਤ ਸਾਰੇ ਨਾਮਧਾਰੀ ਸਰਮਾਇਦਾਰ ਵਿਉਪਾਰੀ ਹਨ, ਪਰ ਵਿਆਹ ਸਮੇਂ ਉਹਨਾਂ ਦੇ ਲੜਕੇ ਲੜਕੀਆਂ ਗਰੀਬ ਤੋਂ ਗਰੀਬ ਲੜਕੇ ਲੜਕੀਆਂ ਨਾਲ ਉਹਨਾਂ ਜਹੇ ਕਪੜੇ ਪਹਿਨ ਕੇ ਬੈਠਦੇ ਹਨ ਅਤੇ ਉਹਨਾਂ ਨੂੰ ਇਕ ਦੂਜੇ ਤੋਂ ਵਖਰੇ ਕਹਿਣਾ ਬਹੁਤ ਔਖਾ ਹੁੰਦਾ ਹੈ ।"

ਆਧੁਨਿਕ ਪਦਾਰਥਵਾਦੀ ਜੁਗ ਵਿਚ ਜਦੋਂ ਕਿ ਦਾਜ ਦਹੇਜ਼ ਦੀ ਮੰਗ ਬਹੁਤ ਵਧ ਰਹੀ ਹੈ, ਲੜਕਿਆਂ ਲਈ ਆਮ ਬੋਲੀ ਹੁੰਦੀ ਹੈ, ਜੋ ਵਧੇਰੇ ਪੈਸੇ ਦੇ ਸਕਦਾ ਹੋਵੇ ਉਹ ਲੜਕੇ ਨੂੰ ਆਪਣੀ ਲੜਕੀ ਲਈ ਖ਼ਰੀਦ ਲੈਂਦਾ ਹੈ ਤਾਂ ਨਾਮਧਾਰੀਆਂ ਲਈ ਵੀ ਇਹ ਇਕ ਵੰਗਾਰ ਪੈਦਾ ਹੋ ਗਈ ਹੈ ਕਿ ਉਹਨਾਂ ਨੂੰ ਵੀ ਇਸ ਕਿਸਮ ਦੀ ਲਾਗ ਨਾ ਲਗ ਜਾਵੇ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਦਾ ਇਕ ਅਗਾਊਂ ਪ੍ਰਬੰਧ ਕੀਤਾ ਹੈ । ਜੂਨ-ਜੁਲਾਈ, ੧੯੭੦ ਵਿਚ ਨਾਮਧਾਰੀ ਨੌਜਵਾਨਾਂ ਦੇ ਛੇਵੇਂ ਵਾਰਸ਼ਿਕ ਕੈਂਪ ਸਮੇਂ ਬਹੁਤ ਸਾਰੇ ਅਣਵਿਆਹੇ ਨੌਜਵਾਨ ਤਿਆਰ ਕੀਤੇ ਹਨ ਜੋ ਨਾ ਤੇ ਆਪਣਾ ਦਾਜ ਕਬੂਲ ਕਰਨਗੇ ਅਤੇ ਨਾ ਹੀ ਆਪਣੀਆਂ ਭੈਣਾਂ ਨੂੰ ਕਿਸੇ ਕਿਸਮ ਦਾ ਦਾਜ ਦੇਣਗੇ । ਅਜ ਕਲ੍ਹ ਕਈ ਐਸੀਆਂ ਮਿਸਾਲਾਂ ਵੀ ਮਿਲਣ ਲਗ ਪਈਆਂ ਹਨ ਕਿ ਕਈ ਨੌਜਵਾਨ ਸਹੁਰੇ ਘਰ ਤਿਆਰ ਪਿਆ ਦਾਜ ਉਥੇ ਹੀ ਛਡ ਆਉਂਦੇ ਹਨ ਅਤੇ ਸਿਰਫ ਆਪਣੀ ਪਤਨੀ ਨੂੰ ਲੈ ਕੇ ਆ ਜਾਂਦੇ ਹਨ ਅਤੇ ਕਈ ਲੜਕੀਆਂ ਵੀ ਘਰ ਆਏ ਉਸ ਨੀਂਗਰ ਨੂੰ ਮੋੜ ਦਿੰਦੀਆਂ ਹਨ ਜੋ ਦਾਜ ਦਹੇਜ਼ ਲਈ ਮੰਗ ਕਰਦਾ ਹੈ ।

ਦਾਜ ਦਹੇਜ਼ ਇਕ ਚਲਦੀ ਫਿਰਦੀ ਸਮਾਜਕ ਸੰਪਤੀ ਹੈ । ਜਿੰਨਾ ਦਾਜ ਕੋਈ ਸਹੁਰਿਆਂ ਤੋਂ ਵਸੂਲ ਕਰਦਾ ਹੈ, ਓਨਾ ਉਹ ਆਪਣੀ ਭੈਣ ਦੇ ਨਾਲ ਤੋਰ ਦਿੰਦਾ ਹੈ, ਸੋ ਇਕੋ ਇਕ ਨਾਮਧਾਰੀ ਅਨੰਦ ਰੀਤੀ ਅਨੁਸਾਰ ਜੇ ਇਸ ਦਾਜ ਦਹੇਜ ਨੂੰ ਅਚੱਲ ਬਣਾ ਦਿਤਾ ਜਾਵੇ ਤਾਂ ਸਮਾਜ ਦੀ ਕਲਿਆਣ ਹੋ ਸਕਦੀ ਹੈ ।

— ਅਕਾਸ਼ਵਾਣੀ ਜਲੰਧਰ ਦੇ ਧੰਨਵਾਦ ਸਹਿਤ

Sri Satguru Jagjit Singh Ji Elibrary NamdhariElibrary@gmail.com

ਮੈਂ ਇਸੇ ਦੇਹ ਵਿਚ ਵਾਪਸ ਆਵਾਂਗਾ

ਜੋਗਾ ਸਿੰਘ ਨਾਮਧਾਰੀ

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਜੀ ਪਰਦੇਸ ਜਾਣ ਵੇਲੇ ਬਚਨ ਕੀਤਾ ਸੀ। "ਮੈਂ ਇਸੇ ਦੇਹ ਵਿਚ ਵਾਪਸ ਆਵਾਂਗਾ ਲੋਕ ਆਖਣਗੇ ਤੁਹਾਡਾ ਗੁਰੂ ਚੜ੍ਹਾਈ ਕਰ ਗਿਆ ਹੈ ਮੈਂ ਹੱਥੀਂ ਲਾਂਬੂ ਲਾ ਕੇ ਆਇਆ ਹਾਂ, ਪਰ ਤੁਸਾਂ ਨਹੀਂ ਮੰਨਣਾ।" ਨਾਮਧਾਰੀ ਸੰਗਤ ਦੇ ਵਿਸ਼ਵਾਸ ਨੂੰ ਹੋਰ ਵੀ ਪੱਕਾ ਕਰਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੩੧ ਜਨਵਰੀ, ੧੯੭੧ ਦੀ ਬਸੰਤ ਪੰਚਮੀ ਦੀ ਰਾਤ ਦੇ ੧੨ ਵਜੇ ਦੇ ਕਰੀਬ ਸ੍ਰੀ ਭੈਣੀ ਸਾਹਿਬ ਵਿਖੇ ਦੋ ਸਿੰਘਾਂ ਸਮੇਤ ਬਾਬਾ ਹਰੀ ਸਿੰਘ ਜੀ ਨੂੰ ਪਰਤੱਖ ਦਰਸ਼ਨ ਦਿਤਾ। ਇਹ ਬਾਬਾ ਜੀ ਪਿੰਡ ਗੜ੍ਹੀ ਸ਼ੇਰ ਸਿੰਘ ਤੇ ਜ਼ਿਲਾ ਜਲੰਧਰ ਦੇ ਹਨ। ਬਾਬਾ ਜੀ ਸਦਾ ਵਰਤ ਲੰਗਰ ਵਰਤੋਣ ਦੀ ਸੇਵਾ ਕੋਈ ਪਿਛਲੇ ੬-੭ ਸਾਲ ਤੋਂ ਕਰ ਰਹੇ ਹਨ — ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਮਾਰਚ ੧੯੭੧ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼ਤਾਬਦੀ ਹੋਲੇ ਮਹੱਲੇ ਸਮੇਂ ਇਸ ਦਾ ਐਲਾਨ ਕੀਤਾ ਤੇ ਨਾਲ ਹੀ ਵਿਸ਼ਵਾਸ ਦਿਵਾਇਆ ਕੇ ਸਤਿਗੁਰੂ ਰਾਮ ਸਿੰਘ ਜੀ ਵਾਪਸ ਜ਼ਰੂਰ ਪਰਤਣਗੇ।

ਮੈਨੂੰ ੧੯ ਮਾਰਚ, ੧੯੭੧ ਨੂੰ ਸ੍ਰੀ ਭੈਣੀ ਸਾਹਿਬ ਜਾਣ ਦਾ ਸੁਭਾਗ ਪਰਾਪਤ ਹੋਇਆ—ਬਾਬਾ ਹਰੀ ਸਿੰਘ ਜੀ ਖੂਹੀ ਦੇ ਪਾਸ ਡਿਊੜੀ ਵਿਚ ਬੈਂਚ ਤੇ ਬੈਠੇ ਸਨ — ਉਹਨਾਂ ਦਾ ਮਨ ਵੈਰਾਗ ਨਾਲ ਭਰਿਆ ਹੋਇਆ ਸੀ — ਮੈਂ ਬਾਬਾ ਜੀ ਨੂੰ ਨਮਸਕਾਰ ਕੀਤੀ ਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਕੁਝ ਬਚਨ ਸੁਣੋਣ ਲਈ ਅਰਜ਼ ਕੀਤੀ — ਪਹਿਲਾਂ ਤਾਂ ਬਾਬਾ ਜੀ ਨੇ ਬਚਨ ਕੀਤਾ ਫਿਰ ਔਣਾ, ਪਰ ਫਿਰ ਆਖਣ ਲਗੇ ਅੱਛਾ ਬੈਠੋ ਸੁਣਾਂਦਾ ਹਾਂ — ਮੈਂ ਮੇਰੀ ਸੁਪਤਨੀ ਮੇਰੀ ਸੱਸ ਤੇ ਦੋ ਹੋਰ ਸਿੰਘ ਅਸੀਂ ਜ਼ਮੀਨ ਤੇ ਮੂੜੇ ਲੈ ਕੇ ਬੈਠ ਗਏ — ਬਾਬਾ ਜੀ ਬੈਂਚ ਤੇ ਬੈਠੇ ਸਨ ਉਨ੍ਹਾਂ ਵਾਰਤਾ ਸੁਣੋਣੀ ਸ਼ੁਰੂ ਕੀਤੀ।

ਬਸੰਤ ਪੰਚਮੀ ਵਾਲੇ ਦਿਨ ਦੀ ਗੱਲ ਹੈ ਸ਼ਾਮ ਦੇ ਵਕਤ ਦੀਵਾਨ ਲਗਾ। ਕੁਝ ਸੰਗਤ ਬਾਹਰੋਂ ਵੀ ਆਈ ਹੋਈ ਸੀ। ਦੀਵਾਨ ਦਾ ਭੋਗ ਸਾਢੇ ਗਿਆਰਾਂ ਵਜੇ ਦੇ ਕਰੀਬ ਪਿਆ। ਬਾਹਰੋਂ ਆਈ ਸੰਗਤ ਉਸੇ ਵਕਤ ਚਾਲੇ ਪਾ ਗਈ ਤੇ ਬਾਕੀ ਆਪਣੇ ਡੇਰੇ ਚਲੇ ਗਈ। ਮੈਂ ਬਾਹਰ ਵਾਲਾ ਗੇਟ ਜੋ ਕੇ ਆਟਾ ਪੀਹਣ ਵਾਲੀ ਚੱਕੀ ਦੇ ਪਾਸ ਹੈ, ਉਹ ਬੰਦ ਕੀਤਾ, ਫਿਰ ਡਿਊੜੀ ਦਾ ਦਰਵਾਜ਼ਾ ਬੰਦ ਕਰਕੇ ਮੰਜੇ ਤੇ ਪੈ ਗਿਆ। ਅਜੇ ਲੰਮਾ ਪਿਆ ਹੀ ਸਾਂ। ਦਰਵਾਜ਼ਾ ਖੜਕਣ ਦੀ ਆਵਾਜ਼ ਆਈ। ਮੈਂ ਉਠਿਆ, ਫਿਰ ਦਰਵਾਜ਼ਾ ਖੜਕਿਆ ਮੈਂ ਗੌਹ ਨਾ ਕੀਤਾ। ਤੀਸਰੀ ਵਾਰ ਦਰਵਾਜ਼ਾ ਕਾਫ਼ੀ ਜੋਰ ਨਾਲ ਖੜਕਿਆ। ਮੈਂ ਉਠਿਆ ਪਹਿਲਾਂ ਡਿਉੜੀ ਦਾ ਦਰਵਾਜ਼ਾ ਖੋਲ੍ਹਿਆ ਫਿਰ ਬਾਹਰ ਵਾਲੇ ਗੇਟ ਵਿਚ ਲਗੀ ਛੋਟੀ ਖਿੜਕੀ ਖੋਲ੍ਹੀ — ਖਿੜਕੀ ਖੋਹਲਦੇ ਸਾਰ ਕੀ ਦੇਖਿਆ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਰਤਖ ਸਫੇਦ ਹਾਥੀ ਤੇ ਦਰਸ਼ਨ ਦੇ ਰਹੇ ਹਨ। ਦੋ ਸਿੰਘ ਪਾਸ ਖੜੇ ਹਨ — ਸਤਿਗੁਰਾਂ ਦੇ ਚਿਹਰੇ ਤੋਂ ਪ੍ਰਕਾਸ਼ ਹੀ ਪ੍ਰਕਾਸ਼ ਫੈਲ ਰਿਹਾ ਸੀ। ਮੈਂ ਨਮਸਕਾਰ ਕੀਤੀ ਤੇ ਇਕਦਮ ਪੂਰਾ ਗੇਟ ਖੋਲ੍ਹ

Sri Satguru Jagjit Singh Ji Elibrary NamdhariElibrary@gmail.com

ਦਿਤਾ। ਹਾਥੀ ਉਸੇ ਵਕਤ ਬੈਠ ਗਿਆ। ਸਤਿਗੁਰੂ ਜੀ ਡਿਊੜੀ ਵਿਚ ਪ੍ਰਵੇਸ਼ ਕੀਤਾ। ਸਦਾ ਵਰਤ ਵਾਲੀ ਅਲਮਾਰੀ ਵਲ ਇਸ਼ਾਰਾ ਕਰਕੇ ਬਚਨ ਕੀਤਾ ਪ੍ਰਸ਼ਾਦੇ ਤੇ ਦਾਲਾ ਰਖਿਆ ਹੈ। ਮੈਂ ਅਲਮਾਰੀ ਖੋਲ੍ਹ ਦਿਤੀ ਤੇ ਅਰਜ਼ ਕੀਤੀ ਸਚੇ ਪਾਤਸ਼ਾਹ ਜੀ ਪ੍ਰਸ਼ਾਦੇ ਤੇ ਦਾਲਾ ਰਖਿਆ ਹੈ। ਫਿਰ ਸਤਿਗੁਰੂ ਜੀ ਰਾਮ ਮੰਦਰ ਵਲ ਆਏ ਤੇ ਕਿੱਲੀ ਤੇ ਟੰਗੇ ਗੜਵੇ ਨੂੰ ਗਹੁ ਨਾਲ ਵੇਖਿਆ। (ਇਹ ਗੜਵਾ ਚੀਨੀ ਵਾਲੇ ਪਾਤਸ਼ਾਹ ਨੇ ਸੂਬਾ ਦਸੌਂਧਾ ਸਿੰਘ ਪਿੰਡ ਨਗਰ ਜ਼ਿਲਾ ਜਲੰਧਰ ਦੇ ਪੋਤਰੇ ਲਛਮਨ ਸਿੰਘ ਪਾਸੋਂ ਇਕ ਦਿਨ ਸੁਫਨੇ ਵਿਚ ਦਰਸ਼ਨ ਦੇ ਕੇ ਹੁਕਮ ਕਰਕੇ ਰਖਵਾਇਆ ਹੈ) ਉਥੋਂ ਬਾਹਰ ਆ ਕੇ ਫਿਰ ਸਤਿਗੁਰੂ ਜੀ ਉਪਰ ਸਤਿਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਤੇ ਗਏ ਮੈਂ ਤੇ ਸਿੰਘ ਵੀ ਨਾਲ ਸਾਂ ਉਥੋਂ ਵਾਪਸ ਆਣ ਕੇ ਫਿਰ ਹੱਟੀ ਵਲ ਗਏ, ਸੰਤ ਬਿਹਾਰਾ ਸਿੰਘ ਹੱਟੀ ਵਾਲਾ ਨਾਲ ਦੇ ਕਮਰੇ ਅੰਦਰ ਪਿਆ ਸੀ। ਸਤਿਗੁਰਾਂ ਦੇ ਚਿਹਰੇ ਦਾ ਪ੍ਰਕਾਸ਼ ਝੀਤਾਂ ਰਾਹੀਂ ਅੰਦਰ ਗਿਆ। ਸੰਤ ਬਿਹਾਰਾ ਸਿੰਘ ਘੌਲ ਕਰਕੇ ਪਏ ਰਹੇ ਉਠੇ ਨਹੀਂ — ਉਥੋਂ ਬਾਹਰ ਆ ਕੇ ਸਤਿਗੁਰਾਂ ਬਚਨ ਕੀਤਾ ਇਥੇ ਦੀਵਾਨ ਲਗਾ ਸੀ। ਮੈਂ ਅਰਜ਼ ਕੀਤੀ ਜੀ ਲਗਾ ਸੀ, ਸੰਗਤ ਹੁਣੇ ਗਈ ਹੈ, ਹੁਕਮ ਕਰੋ ਬੁਲਾ ਦਿਆਂ ਸਤਿਗੁਰਾਂ ਬਚਨ ਕੀਤਾ ਨਹੀਂ ਬੁਲਾਣਾ ਨਹੀਂ ਫਿਰ ਸਤਿਗੁਰਾਂ ਬਚਨ ਕੀਤਾ ਕੇ ਹੁਣ ਸਤਿਗੁਰੂ ਜੀ ਕਿਥੇ ਹਨ ਮੈਂ ਅਰਜ਼ ਕੀਤੀ ਜੀ ਸ੍ਰੀ ਜੀਵਨ ਨਗਰ ਹਨ — ਫਿਰ ਸੱਚੇ ਪਾਤਸ਼ਾਹ ਜੀ ਆਪਣੇ ਹੱਥਾਂ ਨਾਲ ਬਣਾਈ ਲੋਹ ਵਲ ਟੁਰ ਪਏ। ਮੇਰੇ ਵਲ ਇਸ਼ਾਰਾ ਕਰਕੇ ਬਚਨ ਕੀਤਾ ਲੋਹ ਦਾ ਕੁਝ ਵਿਗੜਿਆ ਤੇ ਨਹੀਂ ਮੈਂ ਅਰਜ਼ ਕੀਤੀ ਜੀ ਲੋਹ ਤੇ ਠੀਕ ਹੈ, ਪਰ ਕਾਫ਼ੀ ਦਿਨਾਂ ਤੋਂ ਇਕ ਛੇਦ ਹੋ ਗਿਆ ਜਾਪਦਾ ਹੈ, ਸਤਿਗੁਰਾਂ ਬਚਨ ਕੀਤਾ ਇਹ ਛੇਦ ਉਸੇ ਵਕਤ ਦਾ ਹੈ ਜਦੋਂ ਅਸਾਂ ਇਹ ਲੋਹ ਬਣਾਈ ਸੀ। ਲੰਗਰ ਅੰਦਰ ਗਏ। ਲੋਹ ਵਲ ਤਕਿਆ ਵਾਪਸ ਆ ਗਏ। ਮੈਂ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਸਾਧ ਸੰਗਤ ਬਹੁਤ ਵਿਰਲਾਪ ਕਰਦੀ ਹੈ ਹੁਣ ਦਇਆ ਕਰੋ ਤੇ ਇਥੇ ਹੀ ਰਹੋ ਜੀ — ਸਤਿਗੁਰਾਂ ਬਚਨ ਕੀਤਾ ਹੁਣ ਸਾਡੇ ਪਾਸ ਵਕਤ ਨਹੀਂ, ਪਰ ਅਸੀਂ ਜਲਦੀ ਹੀ ਵਾਪਸ ਆ ਜਾਣਾ ਹੈ। ਮੈਂ ਫਿਰ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਮੈਨੂੰ ਨਾਲ ਲੈ ਚਲੋ, ਪਰ ਸਤਿਗੁਰਾਂ ਹੁਕਮ ਕੀਤਾ ਤੂੰ ਇਥੇ ਰਹਿ ਅਸੀਂ ਆਪ ਹੀ ਆ ਜਾਣਾ ਹੈ — ਬਸ ਫਿਰ ਡਿਉੜੀ ਤੋਂ ਆਏ, ਹਾਥੀ ਖੋਲ੍ਹਿਆ ਤੇ ਗੇਟ ਤੋਂ ਬਾਹਰ ਆ ਹਾਥੀ ਤੇ ਸਵਾਰ ਹੋ ਗਏ। ਦੋਵੇਂ ਸਿੰਘ ਵੀ ਹਾਥੀ ਤੇ ਬਿਠਾ ਲਏ। ਮੈਂ ਨਮਸਕਾਰ ਕੀਤੀ, ਸੱਚੇ ਪਾਤਸ਼ਾਹ ਜੀ ਚਾਲੇ ਪਾ ਗਏ। ਥੋੜਾ ਚਿਰ ਤਕ ਮੈਨੂੰ ਹਾਥੀ ਤੇ ਸ੍ਰੀ ਸਤਿਗੁਰੂ ਜੀ ਤੇ ਸਿੰਘ ਦਿਖਾਈ ਦਿੰਦੇ ਰਹੇ, ਪਰ ਫਿਰ ਪਤਾ ਨਹੀਂ ਕਿਧਰ ਗਏ। ਮੈਂ ਵਿਰਲਾਪ ਵਿਚ ਧਾਹਾਂ ਮਾਰ ਰੋਣ ਲਗ ਪਿਆ ਤੇ ਇਹ ਸ਼ਬਦ ਕੰਨਾਂ ਵਿਚ ਸੁਣੀ ਜਾਂਦੇ ਸਨ, ਮੈਂ ਜਲਦੀ ਵਾਪਸ ਆ ਜਾਣਾ ਹੈ।

Sri Satguru Jagjit Singh Ji Elibrary NamdhariElibrary@gmail.com

जब रूस पंजाबे आवे

महाराज बीर सिंह जी

भारतवर्ष में पंजाब और उत्तरी पश्चिमी प्रांत एक ऐसा खण्ड था जहां सिख—राज्य स्थापित था। इस क्षेत्र पर अंग्रेज सारे भारत को अपने अधिकार में लेने के पश्चात ही अपना आधिपत्य जमा सके। यहां का अन्तिम सम्राट महाराजा दलीप सिंह अंग्रेजों के अधीन होने पर अपने देश को छोड़ गया। विदेशी सत्ता ने उसे भारतीय संस्कृति और सिख धर्म से विमुख कर दिया। धर्म से विमुख होना दलीप सिंह की सब से बड़ी मानसिक दुर्बलता थी। पंजाब पर पराधीनता के बादल छाये हुए थे। फिर भी कोई न कोई धार्मिक भावना से युक्त व्यक्ति स्वाधीनता प्रेमी यह प्रयत्न करता ही रहता, कि किसी न किसी प्रकार अंग्रेजों को भारत से निकाला जा सके और भारतीयों का अपना ही राज्य स्थापित हो सके।

इस प्रकार के कुछ व्यक्तियों द्वारा प्रयत्न करने पर महाराजा दलीप सिंह को प्रेरणा मिली और उसने भारत आने का यत्न किया। भारत आने से पहले उसे यह अनुभव हुआ कि, मैं सिख धर्म से पतित हो चुका हूं। अब मैं कौन सा मुंह लेकर अपने देशवासियों के पास जाऊंगा। यह सोचकर उसने पुनः सिख धर्म ग्रहण किया।

इधर अंग्रेजों के खरीदे हुए सिखों ने इसे एक खतरा समझा। उन्होंने सोचा कि यदि महाराजा दलीप सिंह के आने पर भारतीयों विशेषकर सिखों में जागृति आ गई और देश में गड़बड़ मच गई तो समझो हमारा हलवा माण्डा खत्म। इसलिए उन्होंने तुरन्त विदेशी अंग्रेज राजसत्ता को सावधान किया कि दलीप सिंह के आने से शान्ति व्यवस्था बनी नहीं रह सकेगी और आपका साम्राज्य खतरे में पड़ जाएगा।

महाराजा दलीप सिंह ने उस समय के सिख नेताओं को पत्र लिखा कि मैं स्वदेश आना चाहता हूं। लेकिन अंग्रेज भक्त तथाकथित सिख नेताओं ने उसे उत्तर दिया कि हम कदापि तुझे सहयोग न देंगे। तेरा भला इसी में है कि तू वापिस चला जा। महाराजा यह उत्तर मिलने पर निराश होकर वापिस लौट गया। उसने योरूप के भिन्न—२ देशों का अवलोकन किया और अन्त में उसे रूस से शरण मिल गई।

रूस सरकार की उस समय भी भारत से सहानुभूति थी। इधर सन् १८७२ ई० में नामधारी सिंहो को अंग्रेजी सरकार के विरुद्ध विद्रोह के दोष में फांसी की सजा दी गई। कुछ तोपों से उड़ाए गए और शेष बन्दी बनाये गए। श्री सतगुरु राम सिंह जी को देश से निर्वासित किया गया और उन्हें रंगून में उस मकान में नजर बन्द किया गया जहां पहले अन्तिम मुगल सम्राट बहादुर शाह को बन्दी बनाकर रखा गया था।

इस नजर बन्दी में रहते हुए भी श्री सत गुरु राम सिंह जी का सम्पर्क गुप्त रूप से अपने केन्द्र श्री भैणी साहब से बना रहा। इस के अतिरिक्त श्री सत गुरु जी के बनाए हुए सूबेदार तथा गुप्त दूत भी सत गुरु जी के दिए हुए पत्र और श्री भैणी साहब से गुरु हरि सिंह जी की ओर से भेजे हुए पत्र रूस ले जाते और रूसी तुर्किस्तान के गवंनर के पत्र और उपहार लेकर आते रहे। रूसी तुर्किस्तान के गवंनर की ओर से आश्वासन मिला कि हम सारी स्थिति पर विचार करके आपको अवश्य सूचित करेंगे।

इसी बीच महाराजा दलीपसिंह रूस पहुंच चुका था। नामधारी समाज पर एक स्थान पर एकत्रित होने या एक गांव से दूसरे गांव जाने पर प्रतिबन्ध के बावजूद भी नामधारियों ने महाराजा दलीप सिंह के रूस पहुंचने का पता लगा लिया और वहां जाकर उससे मिलकर यहां की स्थिति से अवगत कराया।

अंग्रेजी शासकों ने रूस पहुंचने वाले नामधारियों का पीछा बड़ी सतर्कता से किया। लेकिन फिर भी ब्रिटिश राजसत्ता उन सबको पकड़ने में असमर्थ रही।

लुधियाना का डिप्टी पुलिस अधिक्षक अपनी २.६.१८८८ कीरिर्पोट में लिखता है:—

"बिशन सिंह रूस सरकार की नौकरी करता है और कई रजीमेंट उसके अधीन हैं। कुछ कूके (नाम

Sri Satguru Jagjit Singh Ji Elibrary NamdhariElibrary@gmail.com

धारी) उसके साथ है जो बहुत ऊंचे पदों पर आसीन है। भगवान सिंह (उपनाम' अड़वंगी दास) घोषित हत्यारा भी उसके साथ है।'

वास्तव में अंग्रेजों को देश से निकालने का निश्चय श्री सतगुरु राम सिंह जी ने पहले ही कर रखा था। इसी सम्बन्ध में अपने देश निर्वासन से पहले ही उन्होंने भाई बिशन सिंह को कई बार रुस भेजा। वे गुप्त रुप में आते जातेरहे और अपने सम्बन्ध भी गुप्त रखते रहे। अंग्रेजी सरकार के गुप्तचरों को बहुत समय पश्चात इनकी गतिविधियों के बारे में पता लगा।

बाबा गुरचरण सिंह जिन्होंने सिख–राज्य का पतन अपनी आँखों से देखा था, के हृदय में अंग्रेज विरोधी भावना कूट–२ कर भरी हुई थी। इन को भी सत गुरु राम सिंह जी ने रूस से आने जाने और वहां की सरकार से अपने सम्बन्ध बनाए रखने के लिए भेजा। बाबा जी पश्तो भाषा का अच्छा ज्ञान रखते थे तथा रूस आने जाने के रास्तों से भली भांति परिचित थे। अंग्रेजी राज सत्ता भी भली भांति इस तथ्य से अवगत थी कि गुरु-चरण सिंह खालसा सेना में रह चुका हैं और यदि इसका वस चला तो वह हमें सुख का साँस न लेने देगा। इस-लिए उन्होंने बाबा का पीछा करने के लिए दो गुप्तचर छोड़े अपितु बाबा इन से भी कहीं अधिक चतुर था।

"बाबा गुरचरण सिंह को रूसी गर्वनर ने अक्तूबर १८७९ में २५०० टाँगा (रूसी सिक्के की किस्म) और सात चोगें देकर भेजा और रूस तथा कूकों (नामधारियों) में मित्रता दृड़ करने का संदेश भेजा है।"

उक्त रिर्पोट जनवरी १८८२ में अंग्रेजी सरकार के एक गुप्तचर ने अपनी सरकार को भेजी थी।

अंग्रेजी सरकार गुरचरण सिंह से बहुत भयभीत थी। उसको वन्दी बनाकर उसे बहुत यातनाएं दी। लेकिन बाबा ने इनकी तनिक परवाह न की और अपने निश्चय पर दृढ़ रहा। उसके बारे में एक अंग्रेज अधिकारी लिखता है:—

"गुरचरण सिंह निश्चय ही ब्रिटिश सरकार का विरोधी है। भले ही वह बड़ी आयु का है फ़िर भी इतना बलवान है कि वह हर प्रकार का शारीरिक कष्ट सहन कर सकता है। उसकी बनावट आश्चर्यजनक है और वह एक आदर्श सिख सिपाही का उदाहरण है। हमारे विरूद्ध राजनैतिक षडयन्त्र रचने में उसका मस्तिष्क पूरी तरह काम करता है। यदि उस को नजर वन्द न किया गया तो उसे जो सम्मान रूस वासियों की ओर से दिया गया और पंजाब पर रूस का अधिपत्य होने पर कूको (नामधारियों) को जो फायदा होगा इसकी व्याख्या करने का अवसर वह कभी भी हाथ से नही जाने देगा।

बाबा गुरचरण सिंह के अतिरिक्त बाबा सन्ता सिंह भी जिसका नाम अंग्रेजी सरकार के रिकार्ड में नहीं मिलता अफगानिस्तान व बलख आदि जाने, आने का कार्य करता था। इन गुप्तचरों द्वारा क्या—२ संदेश आए और गए यह श्री सत गुरू राम सिंह जी ही जानते थे या उनके देश निर्वासन के पश्चात श्री सतगुरू हरिसिंह जी ही।

श्री सत गुरू राम सिंह जी के देश निर्वासन के 'उपरान्त नामधारियों ने जो सतगुरू जी के विषय में कविताएं लिखी उनमें रूसीयों के पंजाब में आने की भविष्यवाणी की गई। उनमें से एक भाई चन्दा सिंह जी हुए हैं। उन्होंने लिखा है,

जब रूस पंजाबे आवै,
दुनिया मरे अन्न दे हावै,
पावै काल मुल्ख रूल जावै,
बचै सो जो गुरू शरणी आवै,
इक मन होए कै नाम धिआवै,
ओस अकाल दा।

श्री सतगुरू राम सिंह जी ने रूस के यहां आने के सम्बन्ध में जो भविष्यवाणी की, उसका निश्चित समय भले ही निरधारित नहीं किया जा सकता फ़िर भी यह निस्संदेह कहा जा सकता है कि वह १८३७ विक्रमी के लगभग की गई हो सकती है। अंग्रेजों के भारत छोड़ने की बात उस समय मानने को कोई तैयार न था तो भी उन्होंने अंग्रेजों के चले जाने के विषय में उस समय भविष्यवाणी की थी।

(शेष पृष्ठ २८ पर)

Sri Satguru Jagjit Singh Ji Elibrary NamdhariElibrary@gmail.com

भारतीय स्वतन्त्रता संग्राम के अग्रणी—कूके (नामधारी)

डा. एम. एम. आहलूवालिया एम. ए. पी.एच. डी.

(पीछे से आगे)

गुरू राम सिंह जी के बाद गुरू हरि सिंह जी महाराज गद्दी पर बैठे। उनके नेतृत्व में नामधारी मध्य ऐशिया में रूसीयों के सम्पर्क में आये। दो प्रमुख नामधारी सूबे गुरचरण सिंह और किशन सिंह अरोड़ा रूसियों से गुरू जी का सम्पर्क स्थापित कराते थे। इनके इलावा शंकर राय, नरायण दास, माया हिन्दू और राम चरण टोरा भी इस विचार विनियम में भाग लेते थे। सन् १८८१ में पुलिस अधिकारियों को पता चला भैणी साहिब के निकट एक जंगल में १५० कूके गुप्त सभा कर रहे हैं। पुलिस फौरन वहाँ पहुचीं और घटना स्थल पर ही ३६ कूकों को गिरफ्तार कर लिया।

सन १९०६ में गुरू महाराज परताप सिंह जी गद्दी नशीन हुए। उनके नेतृत्व में नामधारियों ने कांग्रेस तथा अन्य राष्ट्रीय दलों के साथ मिलकर काम किया। इनके नेतृत्व में नामधारियों की आर्थिक स्थिति में बहुत सुधार आया। इनके काल में मवेशियों और घोड़ों की नसल सुधारने के लिये कदम उठाये गये। आज देश में सब से बढ़िया नस्ल केपशु नामधारीयों के पास ही मिल सकते है। चोटी के राष्ट्रीय नेताओं ने नामधारीयों की महत्वपूर्ण भूमिका और महान योगदान की सराहना की है।

जलियाँ वाले बाग के भयानक हत्याकांड के बाद नामधारी सिख पूरे जोर-शोर के साथ गाँधी जी के सहयोग और बहिष्कार के आन्दोलनों में कूद पड़े गुरू महाराज प्रताप सिंह जी का आदेश मान कर वे कांग्रेस में शामिल हो गये। इनके शामिल होने से कांग्रेस की सदस्य संख्या और शक्ति काफी बढ़ गई। सन १९१९ के बाद के सभी राजनीतिक चुनावों और आन्दोलनों में नामधारीयों ने कांग्रेस का समर्थन किया। वास्तव में जब भी स्वतन्त्रता की देवी ने अपना मूल्य मांगा और उसके प्यासे अधर प्रकम्पित हुये नामधारी गुरू और उनके अनुयायियों ने आगे बढ़कर अपने रक्त से उसका अभिषेक किया।

राष्ट्रीया नेता भी नामधारीयों की सराहना और सम्मान करते हैं। पं० जवाहर लाल नेहरू, डा० राजेन्द्र प्रसाद, श्री कनैयालाल, मारिसक्य लाल मुन्शी और डा० पट्टभि सीता रमैया आदि कांग्रेस के चोटी के नेता नामधारीयों के प्रमुख कार्यालय भैणी साहिब में हो आये हैं।

आजादी के बाद से तो नामधारीयों की भूमिका और भी महत्वपूर्ण रही है। वे भारत की धर्म निरपेक्षता के प्रतीक हैं। क्योंकि साम्प्रदायिकता की संकीर्ण भावनाओं को उन्होंने कभी अपने ऊपर हावी नहीं होने दिया। भारत को अपने विकासशील उद्योग-धन्धों के लिये सब से अधिक कुशल और अनुभवी श्रमिक इसी सम्प्रदाय से प्राप्त होते हैं। कृषि और पशु पालन के प्रति इन में इतना अधिक उत्साह है। कि उन्हें भारत की ग्रामीण संस्कृति की प्रतिमूर्ति ही कहा जा सकता है। वर्तमान गुरू महाराज जगजीत सिंह जी के कुशल नेतृत्व में यह सम्प्रदाय प्रतिदिन अधिक सम्पन्न तथा शक्तिशाली होता जा रहा है। इस सम्प्रदाय को मानने वाले सिख पंजाब, बिहार, हरियाणा और उत्तर प्रदेश के पहाड़ी और मैदानी इलाकों के इलावा दक्षिण-पूर्व एशिला और अफ्रीका के प्रदेशों में भी फैले हुये हैं। वर्तमान गुरू महाराज उनसे निरंतर सम्पर्क बनाए रखते हैं।

वर्तमान गुरू महाराज जगजीत सिंह जी की छत्र-छाया में नामधारीयों की प्रगति जारी है। आज कल,इस संम्प्रदाय की गिनती देश के समृद्धतम सम्प्रदायों में की जाती है। दक्षिण-पूर्व एशिया और अफ्रीका के बहुत से देशों में नामधारीयों की 'संगतो' की स्थापना हो चुकी है। यह बात ध्यान देने की है कि वर्तमान गुरू के काल में नामधारी आन्दोलन का साहित्यक पक्ष भी जनता के सामने आया है। इसके पहिले यह पक्ष अंग्रेज राज की दमन नीति के कारण दबा पड़ा था।

Sri Satguru Jagjit Singh Ji Elibrary NamdhariElibrary@gmail.com

नामधारियों के प्रति श्री क० मा० मुंशी के लेख के कुछ अंश

(१) एक वैदिक आश्रम; हरे खेतों का एक लम्वा सिलसिला जिसके बीच-बीच में पुराने सुन्दर वृक्ष खड़े हैं। दूध से भरे हुए थनों वाली स्वस्थ गाएं पेड़ों के नीचे खड़ी खा रही हैं। मिट्टी की झोपड़ीयों में लम्वी-लम्वी दाढ़ियां फहराते हुए लम्वे पुरुष और सुदृढ़ स्त्रियां रहती हैं। इन मिट्टी की झोपड़ीयों में एक ऐसी कर्मठ जाति रहती है जिस के लोग खद्दर पहनते हैं, हंसते रहते हैं, दूसरों के प्रति विनम्रता का व्यवहार करते हैं और उन का स्वागत-सत्कार करते हैं। पेड़ों के झुरमुट में एक विशाल कच्चा प्रार्थना-भवन वना है जिस के ऊपर छप्पर पड़ा है और भोर होते ही इस भवन से कीर्तन की ध्वनिवां गूंज उठती है और श्लोकों के उच्चारण की स्वर-लहरियां सर्वत्र फैल जाती हैं। लम्वी-लम्वी दाढ़ी वाले पुरोधा यज्ञ की अग्नि पर घी की आहुतियाँ देते रहते है। यज्ञ की वेदी की ज्वाला की वल खाती लपटें आकाश की ओर उठने लगती हैं। जैसे पुरुष की आत्मा परमात्मा के अनुसंधान में निकली है।.........ऐसा था वह आश्रम जो मैंने अपनी आँखों से १ नवम्वर सन् १९४१ की शाम को लुधियाना से सोलहा मील दूर देखा। इस स्थान का नाम भैणी साहिव है। जहाँ नामधारी सिखों के सदगुरू महाराज प्रताप सिंह जी विचरते विराजते थे।

आज चांदनी रात है। मैं भ्रम में पड़ गया हूं। मुझे इस पर विश्वास नहीं हो रहा है कि यह एकांत स्थान, जहाँ वैदिकालीन रात्रि की शांति और रमणीयता छायी हुई है। वीसवीं शताव्दी में पंजाव का कोई गाँव हो सकता है।

गुरू का व्यक्तित्व अत्यन्त भव्य है। उन्होंने श्वेत खादी और गुलावी ऊन से वने वस्त्र धारण कर रखे हैं। उनके दर्शन से ऐसा लगता है जैसे कोई पुरातन ऋषि ऋग्वेद संहिता से निकल कर यहां आ गया है। गुरू का शरीर लम्वा है। और प्रशांत मुख-मंडल पर एक मधुर मुस्कान खेल रही है। जो दर्शक को आनन्द देती है, उन के स्वभाव में ऐसी विनिम्रता है। जो उन ही महापुरूषों से मिलती है जो किसी उद्देश्य के लिये अपना सम्पूर्ण जीवन समर्पित कर देते हैं। वे सात लाख गुरू भक्ति नामधारीयों के भाग्य-विधाता हैं। और उनके अनुयायी गुरू के वचनों को भगवान के वचन मानते हैं। नामधारी सम्प्रदाय में कोई भी आदमी अदालत कचहरी के झमेले में नहीं पड़ता, गुरू का फैसला ही अंतिम होता है। गुरू पवित्रता की मूर्ति है। उनका विनय आज कल का नकली विनय नहीं है, वल्कि विनय का वास्तविक रूप है जो एक जन्मजात सहृदयता और एक ऐसी वंश परंपरा की देन है जिसकी कई पीढ़ियों के लोग सुसभ्य और सुसंस्कृत हों। गुरू के व्यवहार का ढंग इतना मनमोहक है कि उसके सामने आधुनिकतम व्यवहार का ढंग अपूर्ण और कुरुप लगता है। उनमें जन्मजात सांस्कृतिक सुरूचि है। उन्हें संगीत, काव्य, घोड़ों और गायों और वर्तमान राष्ट्रीय तथा अंतर्राष्ट्रीय विषयों का यथेष्ट ज्ञान है।

गुरू की ओर से अखंड सदाव्रत (लंगर) चलता है। जो भी वहां आता है उसे भोजन अवश्य कराया जाता है। चाहे वह कोई भी क्यों ना हो। गुरू ने मुझे वताया था कि यह उनके गुरू का उद्देश्य है।

(पृष्ठ २५ का शेष)

ज्ञानी ज्ञान सिंह जी की रचना के अनुसार गुरु गोविन्द सिंह अपनी वाल अवस्था में रूस की सेवाएं, सिखों, अंग्रेजों, मुसलमानों की सेनाएं बनाकर नाटकीय ढंग से युद्ध करवाते रहे थे। जिसका संकेत निस्संदेह भारत रूस मित्रता कहा जा सकता है। ज्ञानी जी ने इस का वर्णन ऐसे किया है।

"कानयों के संकेत शस्त्र पकड़ावै, सिखन ते मुसले भगवावै पुन अंगरेजन सिखन ते भागें, अंग्रेज भाग हैं रूसन आगै।"

सत गुरु जी के संकेत को पूरी तरह नहीं जाना जा सकता फिर भी आज के समय में हाल ही में हुई भारत-रूस मैत्री संधि उनके उच्चारण किये हुए पवित्र वाक्यों का हमें स्मरण दिलाती है।

'युग मर्यादा' के सौजन्य से

Sri Satguru Jagjit Singh Ji Elibrary NamdhariElibrary@gmail.com

A GURU—THE GURU

By Master Nihal Singh

THE Tenth Lord seemed different from Guru Nanak in technique. His mission was the same. He developed a new novelty. Spiritualism was combined with chivalry. Besides the rosary he held sword to punish the wrong doers and cure the sick.

It is too good to understand that the sword was not foremost weapon to right the wrong but the last one. He frankly conveyed to Aurangzeb in 'Zaffar Nama' saying :

When all efforts fail to undo
Then use of sword is just and right.

To keep the torch burning, he assured his followers that he would assume a form in future also. He says :—

When I come for the Eleventh time
A few would be able to recognise

Being the Master of Crop (Sant Khalsa)
I will look after them. (Suraj Prakash)

About the Twelfth incarnation of Sri Guru Nanak, he strongly professed :

Would I make call the Twelfth Master only then
When this dark age is turned into Gold age.

So the power that destroyed egoism and unrighteousness, in the form of Ram, Krishan or Guru Nanak took the form of Satguru Ram Singh in the nineteenth century.

Unfortunately the land of Rishis, being a victim of irreligiousness and prostitution, lost her kingdom and these freedom fighters in the time of later became the loyal subjects of the British. The worst thing was that they totally forgot their heritage, sacrifice and in a short period, they left no stone unturned to win the favour of the invaders.

Satguru Ram Singh took his deposit from Guru Balak Singh and executed his plan. But it was a sad fact that the soldiers of justice and peace forgot their heritage and grew sworn enemies of their own principles. Only two and a half followers of Guru Gobind Singh—Baba Lehna Singh of Gujranwala, Baba Lehna Singh of Kahna Kachha and Baba Jamit Singh Gill were found. He had to revive the decencies of Dharma. His weapon was novel and of its own kind. Non-violence with non-cooperation was wedded. Rosary was preferred to sword to guide and govern. He openly proclaimed that all arms would be thrown into the ocean. He taught in such a manner that egoism, wrath, lust and irreligiousness were on their heels. Godliness and love began to take their place. In short about ten lacs of disciples gathered

Sri Satguru Jagjit Singh Ji Elibrary NamdhariElibrary@gmail.com

around his banner. A parallel government to the British came into existence.

In every field, whether religious or social or political, he was on every tongue. The confidential records of the British, about this great personality show that :—

"........The every little he has assumed to some extent marks the progress. When he became the first successor of Balak Singh of Hazro, he was known as Ram Singh Mahant, afterwards as Guru Ram Singh, then as Satguru Ram Singh and now as Satguru Badsha."

Says Col. Mc.Ancrew, Deputy Inspector-General of police; 20 Nov. 1871.

"........They believed him to be a prophet sent by God to establish the Kooka Sect, which is to raise on the extinction of the Sikh religion which they firmly believe is on the decline."

Similarly, Mr. Fazal Hussain submitted his report dated 20-3-1867 as follows :—

"Bh. Lal Singh, disciple of Guru Balak Singh told Captain Manzies at Amritsar in 1883 that Ram Singh was the 3rd Avtar or incarnation of Guru Gobind Singh, the second having been in the person of Maharaj Singh." A letter from Ambala Comissioner was most stirring :—

"........ In the beginning his ideas may be any, but now his intentions are political. He is the leader of supermacy, who wants to restore the Khalsa Raj and in that capacity he is a better foe of the British Empire. (Guru) Ram Singh, first of all was considered to be the incarnation of Sri Guru Nank, but he is placed as the incarnation of Guru Gobind Singh."

J.W. Mecnabb
ex-Commissioner,
Ambala Division.

By and by this Lord of Peace and Truth became an eye-sore to the rulers. So they deeply pondered over it. They had witnessed how the Sikhs in the time of the Mughals had been hurdles in their way. Though they had greatly suffered during the reign of the Mughals, yet the Sikhs did not show the least weakness. Under the guidence and command of their Enlightener, they willingly accepted to being cut to pieces or to be tortured alive, even the women never laged behind in the sacrifice. Because of this the Britishers arrived at the conclusion that any how the living Guruship should be stopped from the Sikh world. But it was also known to them that India was a land of saints and sages. Tables would be turned all at once if the century old idea of Guruship deeply incarved into the hearts of even the common people, was up rooted without placing in the lieu of it any form. So keeping in view the existence of Guruship in the Sikh community, the Guruship on this Holy Scripture after Guru Gobind Singh was introduced. It was just in accordance with words of Iqbal :

Donate to the Mosque and drink in the Hotel

The priest may remain pleased and the Satan may not get displeased as well.

The foreigners got more aware of him when the Kookas smilingly appeared in the Sessions Court to get acquitted the Pujaris and Nihangs sentenced to death, on the advice of Sri Satguru Ram Singh. The rulers went mad after the massacre, when the

Sri Satguru Jagjit Singh Ji Elibrary NamdhariElibrary@gmail.com

true sons of India welcomed the cannon balls in their open chests. So the Britshers devised a new method, sharper and more impressive than the Mughals.

The Mughals used sword to crush the national and the religious-minded heroes, but these blue-eyed broughtforth pen and sword equally. Every body knows that pen is mightier than sword. Therefore they hired and bought the scholars in order to demoralize the true sons of India and made them forget their heritage. They proved worse than the Mughals. They left no stone unturned to up-root the national elements from the land of heroes and martyrs. Only yes-men were allowed to act in the play. To kill two birds with one stone, they helped to institute the Singh Sabha and the Khalsa Dewan. They did worse. They marred the Janam Sakhi of Guru Nanak by Bh. Bala, Sou Sakhi, Hukamnamas, etc. In the Janam Sakhi the Guru explaining well about the future had said :—

"O Ajita Son ! Hear me. The Kalyug will remain for four lac thirty two thousand years and Nanak will spend his whole time in this age. Seventy four forms of mine would be of saints while the fourteen ones would be majestic Lords. God-centred will be at his command, while the waywards will be punished."

To the surprise of all in the new editions the word 'fourteen' has been changed into "ten". But in the beginning of the twentieth century a new wave by the history spellers washed away Bhai Bala from the scene. They did their worst to propagate this baseless couplet ; Agya Bhai Akal ki Tabhi Chalaeo Panth. ......also which has been badly refuted by the great scholar S.S. Bh. Khan Singh of Nabha in the Mahan Kosh.

Mr. Macauliffe did great injustice to the Sikh history. He had his own axe to grind. To create loyalty among the Sikh youths he made hints in his book that the Britishers would come to rule in India. It was the prophecy of Sri Guru Tegh Bahadur. In the same book he goes on adding for the submission. He says — a new injuction is added at the time of baptism that the neophytes have to pledge that he would be loyal to the British Government which they solemnly promise. But reality is reality.

To clear the dark clouds from the horizon, Shri Nihal Singh brought out the Khurshid Khalsa in 1880, A.D. The book was a wonderful achievement. It clearly admitted the Guruship of Satguru Ram Singh and successor of Guru Gobind Singh after Guru Balak Singh. The writer's efforts were greatly appreciated. Sri Sumer Singh of Patna had high opinion about the publication. He said :—

"True ! All true in all respects and full of
The great Sun rises from the East.
That is the Khurshid Khalsa.

It is not needed to say that in those days Dewans were functioning. The Amritsar Khalsa Dewan and the Lahore Khalsa Dewan. They were rivals. Every one wanted to be closer to the Government. The Amritsar Dewan did greatly applaud Sri Nihal Singh for his work, while Hired were the abusers. They could not see eye to eye with the Amritsar Dewan. As the Amritsar Dewan was in power, so they ex-communicated S. Gumukh Singh, the General Secretary of the Lahore Khalsa Dewan. But selfishness thy name is frailty. As soon as the Amritsar Dewan got power, this wanted to be in the good books of the

Sri Satguru Jagjit Singh Ji Elibrary NamdhariElibrary@gmail.com

Rulers also : They adopted the same methods to please the new Masters as the Khalsa Dewan had done.

To prove loyal and faithful they criticised Bawa Nihal Singh for his publication and expelled him from the party. The gentleman tendered a written appology, but was forced to remove the word Guru from Satguru Ram Singh. So he did. In the next edition the Bawa had to publish on the title page.........

"There would be no Guru word before Singh Sahib Ram Singh. The controversy between the Amritsar Khalsa Dewan and the Lahore Khalsa Dewan has been well-discussed in the Sis Ganj Monthly in the issue of April 1971.

This is not new. It has happened at all times. Rama had his admirers as well as abusers. So it was with Lord Krishna, Mohammad, Christ, and the Budha had also their opponents. Guru Nank attracted the Hindus and the Muslims equally, but some people denounced him. In the same way, the followers of Guru Nanak did not show respect to Guru Angad and the followers of Guru Angad to Guru Amar Das. The most of the followers turned back when Guru HarGobind took to wrestling and gaming. Guru Teg Bahadur was considered crazy. So many shunned Guru Gobind Singh when he waved the sword laying the foundation of the Khalsa. The sun is shining brightly in the sky, while the bats and owls fail to see, but men of sight are having the full advantage of his light. (concluded)

जरूरी सूचना

आप भी शीघ्र मंगाएं और पढ़ें :

सामाजिक, आर्थिक व धार्मिक समस्याओं का प्रतिनिधित्व करने वाली हिन्दी मासिक पत्रिका

"युग-मर्यादा"

इस पत्रिका में हास्य-विनोद, खेल-कूद, तथा अन्य मनोरंजन,

कल्याणकारी कथाओं, कविताओं तथा लेखों की भरपूर सामग्री दी जाती है।

भारतीय सभ्यता की भिन्न भिन्न प्रथाओं, भारतीय लोक साहित्य, ऐतिहासिक घटनाओं,

महापुरुषों की जीवनियों, रचनात्मक विज्ञान तथा तकनीकी ज्ञान, इत्यादि से परिचित होने के

लिए इसे अवश्य पढ़िये।

चन्दा	रु० पैसे
वार्षिक	६.००
अर्धवार्षिक	३.२५
एक प्रति	०.६०

मिलने का पता—

"कार्यालय युग-मर्यादा"

३७, कर्सिटार्फन होटल, लक्कड़ बाजार, शिमला

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਤੇ

ਇਨਾਮੀ ਸਾਹਿਤਕ ਮੁਕਾਬਲਾ

ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਦੇ ਸੌ-ਸਾਲਾਂ ਪਿਛੋਂ ਸ਼ਤਾਬਦੀ ਸਮਾਰੋਹ ਦੇ ਦੌਰਾਨ ਸਾਹਿਤਕਾਰਾਂ ਨੂੰ ਹੇਠ ਲਿਖੇ ਇਨਾਮ ਵੰਡਣੇ ਨੀਯਤ ਹੋਏ ਹਨ:

(੧) ਇਕ ਸੌ ਸਫ਼ੇ ਦੀ ਪੁਸਤਕ ਕਿਸੇ ਦੋ ਭਾਸ਼ਾਵਾਂ ਵਿਚ ਅਤੇ ਤਿੰਨ ਲੇਖ ਕੋਈ ਤਿੰਨ ਭਾਸ਼ਾਵਾਂ ਦੇ ਅਖ਼ਬਾਰਾਂ ਜਾਂ ਰਸਾਲਿਆਂ ਵਿਚ ਛਪਵਾਣ ਵਾਲੇ ਸਾਹਿਤਕਾਰ ਨੂੰ ੭੫੦ ਰੁਪਏ ਨਕਦ ਤੇ ਇਕ ਚਾਂਦੀ ਦਾ ਤਮਗਾ ਇਨਾਮ ਦਿਤਾ ਜਾਵੇਗਾ।

(੨) ਇਕ ਸੌ ਸਫ਼ੇ ਦੀ ਪੁਸਤਕ ਕਿਸੇ ਇਕ ਭਾਸ਼ਾ ਵਿਚ ਅਤੇ ਤਿੰਨ ਲੇਖ ਕਿਸੇ ਵੀ ਭਾਸ਼ਾ ਵਿਚ ਅਖ਼ਬਾਰ ਜਾਂ ਰਸਾਲਿਆਂ ਵਿਚ ਛਪਵਾਣ ਵਾਲੇ ਸਾਹਿਤਕਾਰ ਨੂੰ ੫੦੦ ਰੁਪਏ ਨਕਦ ਤੇ ਇਕ ਕਾਂਸੀ ਦਾ ਤਮਗਾ ਇਨਾਮ।

(੩) ਬੱਚਿਆਂ ਵਾਸਤੇ ਤਸਵੀਰਾਂ ਵਾਲੀ ਘਟ ਤੋਂ ਘਟ ੩੨ ਸਫ਼ੇ ਦੀ ਇਕ ਪੁਸਤਕ ਕਿਸੇ ਇਕ ਭਾਸ਼ਾ ਵਿਚ ਅਤੇ ਦੋ ਲੇਖ ਕਿਸੇ ਵੀ ਭਾਸ਼ਾ ਦੇ ਅਖ਼ਬਾਰ ਜਾਂ ਰਸਾਲਿਆਂ ਵਿਚ ਛਪਵਾਣ ਵਾਲੇ ਸਾਹਿਤਕਾਰ ਨੂੰ ੩੫੦ ਰੁਪਏ ਨਕਦ ਇਨਾਮ।

(੪) ਤਿੰਨ ਲੇਖ ਕਿਸੇ ਵੀ ਭਾਸ਼ਾ ਦੇ ਅਖਬਾਰ ਜਾਂ ਰਸਾਲਿਆਂ ਵਿਚ ਛਪਵਾਣ ਵਾਲੇ ਸਾਹਿਤਕਾਰ ਨੂੰ ੧੦੦ ਰੁਪਏ ਨਕਦ ਇਨਾਮ।

ਵਿਸ਼ਾ — "ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ" ਜਾਂ ਇਸ ਵਿਸ਼ੇ ਦੇ ਕਿਸੇ ਪੱਖ ਤੋਂ ਜਿਸ ਵਿਚ ਸ੍ਰੀ ਸਤਿਗੁਰੂ ਜੀ ਦਾ ਜੀਵਨ ਚਰਿਤ੍ਰ ਅਤੇ ਉਹਨਾਂ ਦੇ ਦੇਸ ਹਿਤ ਉਪਕਾਰਾਂ ਬਾਰੇ ਵਰਣਨ ਹੋਵੇ।

ਸ਼ਰਤਾਂ — (੧) ਪੁਸਤਕਾਂ ਜਾਂ ਲੇਖ ੧-੭-੭੦ ਅਤੇ ੩੦-੬-੭੨ ਦੇ ਸਮੇਂ ਵਿਚ ਛਪੇ ਹੋਏ ਹੀ ਮੁਕਾਬਲੇ ਲਈ ਮੰਨੇ ਜਾਣਗੇ।

(੨) ਲੋੜੀਂਦਾ ਸਾਹਿਤ (ਜੋ ਸਾਹਿਤਕਾਰਾਂ ਦੀ ਬੇਨਤੀ ਤੇ ਭੇਜਿਆ ਜਾਏਗਾ) ਨੂੰ ਮੂਲ ਰੂਪ ਵਿਚ ਨਹੀਂ ਵਰਤਿਆ ਜਾ ਸਕੇਗਾ ਬਲਕਿ ਉਸ ਦੇ ਆਧਾਰ ਤੇ ਸਾਹਿਤਕਾਰਾਂ ਨੂੰ ਨਿੱਜੀ ਖੋਜ ਲਈ ਮਿਹਨਤ ਕਰਨੀ ਹੋਏਗੀ।

(੩) ਮੁਕਾਬਲੇ ਲਈ ਭੇਜੀ ਹੋਈ ਸਮਗਰੀ ਵਿਚੋਂ ਲੋੜ ਅਨੁਸਾਰ ਦੁਬਾਰਾ ਪ੍ਰਕਾਸ਼ਤ ਕਰਨ ਦਾ ਸਮਿਤੀ ਨੂੰ ਅਧਿਕਾਰ ਦੇਣਾ ਹੋਵੇਗਾ ਜਿਸ ਦਾ ਸਾਹਿਤਕਾਰ ਜਾਂ ਪ੍ਰਕਾਸ਼ਕ ਨੂੰ ਕੋਈ ਮੁਆਵਜ਼ਾ ਨਹੀਂ ਦਿਤਾ ਜਾਵੇਗਾ।

(੪) ਮੁਕਾਬਲੇ ਲਈ ਪ੍ਰਵੇਸ਼ ਪੱਤ੍ਰ ਇਕ ਖ਼ਾਲੀ ਲਿਫ਼ਾਫ਼ੇ (੯"×੯") ਤੇ ੨੦ ਪੈਸੇ ਦੀ ਟਿਕਟ ਤੇ ਆਪਣਾ ਪੂਰਾ ਨਾਂ ਪਤਾ ਲਿਖ ਭੇਜੋ।

(੫) ਮੁਕਾਬਲੇ ਲਈ ਛਪੀਆਂ ਹੋਈਆਂ ਪੁਸਤਕਾਂ, ਅਖ਼ਬਾਰਾਂ ਜਾਂ ਰਸਾਲਿਆਂ ਦੀ ਇਕ ਇਕ ਕਾਪੀ ੩੧-੭-੭੨ ਤਕ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ, ੧੬੮੧ ਚਿੱਤਰ ਗੁਪਤਾ ਰੋਡ, ਪਹਾੜਗੰਜ, ਨਵੀਂ ਦਿੱਲੀ-੫੫ ਦੇ ਪਤੇ ਤੇ ਭੇਜੀਆਂ ਜਾਣ ਤਾਂ ਜੋ ਫ਼ੈਸਲੇ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ ਮਗਰੋਂ ਇਨਾਮਾਂ ਲਈ ਫ਼ੈਸਲਾ ਸਤੰਬਰ ੧੯੭੨ ਦੇ ਸ਼ਤਾਬਦੀ ਨਿਊਜ਼ ਵਿਚ ਪ੍ਰਕਾਸ਼ਤ ਕੀਤਾ ਜਾ ਸਕੇ। ਜੋ ਆਖ਼ਰੀ ਫੈਸਲਾ ਹੀ ਸਮਝਿਆ ਜਾਵੇਗਾ।

ਭੁੱਲ ਦੀ ਸੋਧ — ਪਾਠਕ ਸੱਜਣ ਅੰਤਲੇ ਟਾਈਟਲ ਪੇਜ ਦੀ ਪਹਿਲੀ ਲਾਈਨ ਦਾ ਛਪਿਆ ਸੰਨ ੧੯੭੧ ਦੀ ਥਾਂ ੧੯੭੨ ਪੜ੍ਹਨ ਦੀ ਖੇਚਲ ਕਰਨ।

Sri Satguru Jagjit Singh Ji Elibrary NamdhariElibrary@gmail.com

ਸ਼ਤਾਬਦੀ ਕੈਲੰਡਰ

੧੯੭੧ ਦੀਆਂ ਅੰਗਰੇਜ਼ੀ ਤਾਰੀਖਾਂ ਵਾਲੇ ਸ਼ਤਾਬਦੀ ਕੈਲੰਡਰਾਂ ਦੇ ਕਾਫ਼ੀ ਆਰਡਰ ਬੁਕ ਹੋ ਚੁਕੇ ਹਨ। ਪਰ ਅਜੇ ਵੀ ਜੇ ਕੋਈ ਸੱਜਣ ਆਰਡਰ ਦੇਣਾ ਚਾਹੁੰਦੇ ਹੋਣ ਤਾਂ ੨੫ ਅਕਤੂਬਰ ੧੯੭੧ ਤਕ ਆਪਣੇ ਆਰਡਰ ਬੁਕ ਕਰਵਾ ਸਕਦੇ ਹਨ। ਇਹਨਾਂ ਕੈਲੰਡਰਾਂ ਤੇ ਤੁਹਾਡੇ ਇਸ਼ਤਿਹਾਰ ਅਤੇ ਨਾਂ ਪਤੇ ਵੀ ਛਪ ਸਕਣਗੇ।

੨੦੨੮ ਦੀਆਂ ਪੰਜਾਬੀ ਤਾਰੀਖਾਂ ਵਾਲੇ ਕੈਲੰਡਰ ਤਿਆਰ ਹੋ ਕੇ ਆਸ ਤੋਂ ਵਧ ਤੇਜ਼ੀ ਨਾਲ ਸਮਾਪਤ ਹੋ ਰਹੇ ਹਨ। ਇਹ ਕੈਲੰਡਰ ਸ਼ਤਾਬਦੀ ਸਮਿਤੀ ਦੇ ਦਫ਼ਤਰ ਭੋਂ ਮੰਗਵਾਏ ਜਾ ਸਕਦੇ ਹਨ।

ਕੀਮਤ ਪ੍ਰਤੀ ਕੈਲੰਡਰ ਢਾਈ ਰੁਪਏ ਹੋਵੇਗੀ।

ਡਾਕ ਖ਼ਰਚ ਵਖਰਾ ਹੋਵੇਗਾ।

ਆਰਡਰ ਹੇਠ ਲਿਖੇ ਪਤੇ ਤੇ ਭੇਜੇ ਜਾਣ :

ਜਨਰਲ ਸਕੱਤਰ

ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ

੧੬੮੧, ਚਿਤਰ ਗੁਪਤਾ ਰੋਡ, ਪਹਾੜ ਗੰਜ,

ਨਵੀਂ ਦਿੱਲੀ-੫੫.

Sri Satguru Jagjit Singh Ji Elibrary NamdhariElibrary@gmail.com